ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7l

awazeqaumtvpunjab@gmail.com

ਮੰਗਲਵਾਰ, 13 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੩੦ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਅਦਾਰਾ 'ਆਵਾਜ਼ਿ ਕੌਮ' ਵੱਲੋਂ



## ਲੋਹੜੀ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

ਆਵਾਜ਼ਿ ਕੌਮ
AWAZE QAUM
International Newspaper & WEB TV




## ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

**ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ**

**ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)**

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਮੰਗਲਵਾਰ, 13 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੩੦ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## 1 ਫਰਵਰੀ ਨੂੰ ਪੇਸ਼ ਹੋਵੇਗਾ ਬਜਟ !

**ਨਵੀਂ ਦਿੱਲੀ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕੇਂਦਰੀ ਬਜਟ 2026 ਨੂੰ ਲੈ ਕੇ ਚੱਲ ਰਿਹਾ ਭੰਬਲਭੂਸਾ ਹੁਣ ਦੂਰ ਹੋ ਗਿਆ ਹੈ। 1 ਫਰਵਰੀ ਨੂੰ ਐਤਵਾਰ ਅਤੇ ਸੰਤ ਰਵਿਦਾਸ ਜਯੰਤੀ ਹੋਣ ਦੇ ਬਾਵਜੂਦ, ਬਜਟ ਉਸੇ ਦਿਨ ਪੇਸ਼ ਕੀਤਾ ਜਾਵੇਗਾ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਐਲਾਨ ਕੀਤਾ ਹੈ ਕਿ ਆਮ ਬਜਟ 1 ਫਰਵਰੀ, 2026 ਨੂੰ ਸਵੇਰੇ 11 ਵਜੇ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ। ਇਹ ਇੱਕ ਦੁਰਲੱਭ ਮੌਕਾ ਹੋਵੇਗਾ ਜਦੋਂ ਬਜਟ ਐਤਵਾਰ ਨੂੰ ਪੇਸ਼ ਕੀਤਾ ਜਾਵੇਗਾ, ਕਿਉਂਕਿ ਬਜਟ ਆਮ ਤੌਰ 'ਤੇ ਕੰਮਕਾਜੀ ਦਿਨਾਂ ਵਿੱਚ ਪੇਸ਼ ਕੀਤੇ ਜਾਂਦੇ ਹਨ। ਸਰਕਾਰ ਦੀ ਪ੍ਰਵਾਨਗੀ ਤੋਂ ਬਾਅਦ, ਸੰਸਦ 2026 ਦਾ ਬਜਟ ਸੈਸ਼ਨ ਦੋ ਪੜਾਵਾਂ ਵਿੱਚ ਹੋਵੇਗਾ। ਇਹ ਸੈਸ਼ਨ 28 ਜਨਵਰੀ ਨੂੰ ਸ਼ੁਰੂ ਹੋਵੇਗਾ ਅਤੇ 2 ਅਪ੍ਰੈਲ, 2026 ਤੱਕ ਜਾਰੀ ਰਹੇਗਾ। ਪਹਿਲਾ ਪੜਾਅ 28 ਜਨਵਰੀ ਤੋਂ 13 ਫਰਵਰੀ ਤੱਕ ਚੱਲੇਗਾ, ਜਿਸ ਤੋਂ ਬਾਅਦ ਛੁੱਟੀ ਹੋਵੇਗੀ। ਦੂਜਾ ਪੜਾਅ 9 ਮਾਰਚ ਨੂੰ ਸ਼ੁਰੂ ਹੋਵੇਗਾ ਅਤੇ 2 ਅਪ੍ਰੈਲ ਨੂੰ ਸਮਾਪਤ ਹੋਵੇਗਾ। ਬਜਟ ਤੋਂ ਪਹਿਲਾਂ ਆਰਥਿਕ ਸਰਵੇਖਣ 30 ਜਨਵਰੀ ਨੂੰ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਇਸ ਸਾਲ ਦਾ ਬਜਟ ਕਈ ਤਰੀਕਿਆਂ ਨਾਲ ਵਿਸ਼ੇਸ਼ ਮੰਨਿਆ ਜਾ ਰਿਹਾ ਹੈ। ਵਿੱਤ ਮੰਤਰੀ ਬਜਟ ਰਾਹੀਂ ਦੇਸ਼ ਦੀ ਆਰਥਿਕ ਦਿਸ਼ਾ, ਟੈਕਸ ਢਾਂਚਾ, ਸਰਕਾਰੀ ਯੋਜਨਾਵਾਂ, ਸਮਾਜ ਭਲਾਈ ਪ੍ਰੋਗਰਾਮਾਂ ਅਤੇ ਮੁੱਖ ਵਿਕਾਸ ਫੈਸਲਿਆਂ ਨੂੰ ਪੇਸ਼ ਕਰਨਗੇ। ਇਹ ਧਿਆਨ ਦੇਣ ਯੋਗ ਹੈ ਕਿ 2017 ਤੋਂ, ਸਰਕਾਰ ਹਰ ਸਾਲ 1 ਫਰਵਰੀ ਨੂੰ ਸਵੇਰੇ 11 ਵਜੇ ਬਜਟ ਪੇਸ਼ ਕਰ ਰਹੀ ਹੈ। ਪਹਿਲਾਂ, ਆਮ ਬਜਟ 28 ਫਰਵਰੀ ਨੂੰ ਪੇਸ਼ ਕੀਤਾ ਜਾਂਦਾ ਸੀ, ਪਰ ਐਤਵਾਰ ਦੀ ਪੇਸ਼ਕਾਰੀ ਬਹੁਤ ਘੱਟ ਹੁੰਦੀ ਰਹੀ ਹੈ।

### 328 ਪਾਵਨ ਸਰੂਪਾਂ ਦੇ ਮਾਮਲੇ 'ਚ

# ਸ਼੍ਰੋਮਣੀ ਕਮੇਟੀ ਪੁਲਸ ਨੂੰ ਕਰੇ ਸਹਿਯੋਗ : ਜਥੇਦਾਰ ਗੜਗੱਜ

**ਅੰਮ੍ਰਿਤਸਰ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਅਤੇ ਦੁਨੀਆ



ਵਿਚ ਵੱਸਦਾ ਹਰ ਸਿੱਖ ਅਤੇ ਗੁਰੂ ਨਾਨਕ ਨਾਮ ਲੇਵਾ ਗੁਰੂ ਸਾਹਿਬ ਪ੍ਰਤੀ ਬਹੁਤ ਹੀ ਸ਼ਰਧਾ ਭਾਵਨਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਜੋ ਪਿਛਲੇ ਸਮੇਂ ਤੋਂ 328 ਪਾਵਨ ਸਰੂਪਾਂ ਸਬੰਧੀ ਮਾਮਲਾ ਚੱਲ ਰਿਹਾ ਹੈ, ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਈਸ਼ਰ ਸਿੰਘ ਅਧਾਰਤ ਪੜਤਾਲ ਕਮਿਸ਼ਨ ਬਣਾਇਆ ਗਿਆ ਸੀ। ਕਮਿਸ਼ਨ ਦੀ ਰਿਪੋਰਟ ਵਿਚ ਸਪੱਸ਼ਟ ਹੈ ਕਿ ਇਹ ਪਾਵਨ ਸਰੂਪ ਸਬੰਧਤ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸੰਗਤਾਂ ਨੂੰ ਦਿੱਤੇ ਗਏ ਅਤੇ ਇਨ੍ਹਾਂ ਦੀ ਬਣਦੀ ਭੇਟਾ ਟ੍ਰਸਟ ਫੰਡਾਂ ਵਿਚ ਜਮ੍ਹਾਂ ਨਹੀਂ ਕਰਵਾਈ ਅਤੇ ਨਾ ਹੀ ਬਿੱਲ ਕੱਟੇ ਗਏ। ਇਹ ਮਾਮਲਾ ਕੁਝ ਭ੍ਰਿਸ਼ਟ ਮੁਲਾਜ਼ਮਾਂ ਵੱਲੋਂ ਪੈਸਿਆਂ ਦੇ ਘਪਲੇ ਦਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨ ਕੀਤੀ ਗਈ ਈਸ਼ਰ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ 16 ਦੋਸ਼ੀਆਂ ਦੇ ਨਾਮ ਸਪੱਸ਼ਟ ਕੀਤੇ ਗਏ ਹਨ, ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਦੋਸ਼ੀ ਮੰਨਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ ਦੀ ਰੋਸ਼ਨੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ 16 ਦੋਸ਼ੀਆਂ ਵਿਰੁੱਧ ਵਿਭਾਗੀ ਕਾਰਵਾਈ ਕਰ ਚੁੱਕੀ ਹੈ। ਇਸ ਸਬੰਧੀ ਉਸ ਵੇਲੇ ਦੇ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ 17 ਨਵੰਬਰ 2020 ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਇਤਿਹਾਸਕ ਮੰਚ ਤੋਂ ਕਿਹਾ ਸੀ ਕਿ ਇਹ ਪ੍ਰਬੰਧਕੀ ਭ੍ਰਿਸ਼ਟਾਚਾਰ ਦਾ ਮਾਮਲਾ ਹੈ, ਸਬੰਧਤ ਮੁਲਾਜ਼ਮਾਂ ਨੇ ਪੈਸਿਆਂ ਦਾ ਘਪਲਾ ਕੀਤਾ ਹੈ ਅਤੇ ਜਿਹੜੇ ਮੁਲਾਜ਼ਮਾਂ ਨੇ ਪੈਸੇ ਖਾਧੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਬਰਖਾਸਤ ਕੀਤਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਖੇਤਰ ਵਿਚ ਖ਼ਾਲਸਾ ਪੰਥ ਨੇ ਕਦੇ ਵੀ ਸਰਕਾਰ ਦੀ ਦਖਲਅੰਦਾਜ਼ੀ ਸਹਿਣ ਨਹੀਂ ਕੀਤੀ ਅਤੇ ਨਾ ਅਗਾਂਹ ਕਰੇਗਾ ਕਿਉਂਕਿ ਇਹ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਤੇ ਕੇਂਦਰੀ ਸੰਸਥਾ ਹੈ। ਪਰੰਤੂ ਮੌਜੂਦਾ ਚੱਲ ਰਹੇ ਪਾਵਨ ਸਰੂਪਾਂ ਦੇ ਮਾਮਲੇ ਵਿਚ ਕੁਝ ਲੋਕਾਂ ਵੱਲੋਂ ਸੰਗਤ ਵਿਚ ਪੈਦਾ ਕੀਤੀਆਂ ਜਾ ਰਹੀਆਂ ਦੁਵਿਧਾਵਾਂ ਕਰਕੇ ਪੰਥ ਦੇ ਵਡੇਰੇ ਹਿੱਤਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੂੰ ਅਧਿਕਾਰਤ ਕੀਤਾ ਜਾਂਦਾ ਹੈ ਕਿ ਉਹ ਕੇਵਲ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸਰਕਾਰ ਨਾਲ ਬਣਦਾ ਸਹਿਯੋਗ ਕਰਨ। ਮਾਮਲੇ ਦੀ ਜਾਂਚ ਲਈ ਜੇਕਰ ਸਰਕਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਕਿਸੇ ਵੀ ਜਾਣਕਾਰੀ ਦੀ ਲੋੜ ਹੈ ਤਾਂ ਇਸ ਲਈ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਹਾਜ਼ਰੀ ਵਿਚ ਲੋੜੀਂਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ-ਦਫ਼ਤਰ ਵਿਖੇ ਦੇਖੀ ਜਾ ਸਕਦੀ ਹੈ।

## ਪਾਵਨ ਸਰੂਪਾਂ ਦੇ ਮਾਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਆਦੇਸ਼ ਅਨੁਸਾਰ ਕਾਰਵਾਈ ਕਰੇਗੀ ਸ਼੍ਰੋਮਣੀ ਕਮੇਟੀ



**ਨਵੀਂ ਦਿੱਲੀ, 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੇ ਗਏ ਆਦੇਸ਼ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਜਾਰੀ ਬਿਆਨ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਪਹਿਲਾਂ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਹੋਈ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਅਨੁਸਾਰ ਹੀ ਸ਼੍ਰੋਮਣੀ ਕਮੇਟੀ ਵੱਲੋਂ ਮੁਲਾਜ਼ਮਾਂ ਤੇ ਵਿਭਾਗੀ ਕਾਰਵਾਈ ਕੀਤੀ ਗਈ ਸੀ। ਹੁਣ ਹੋਏ ਤਾਜ਼ਾ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਅਗਲੀ ਕਾਰਵਾਈ ਕਰੇਗੀ, ਜਿਸ ਸਬੰਧੀ ਸਿੱਟ ਵੱਲੋਂ ਸੰਪਰਕ ਕੀਤੇ ਜਾਣ ਤੇ ਆਦੇਸ਼ ਦੀ ਭਾਵਨਾ ਅਨੁਸਾਰ ਕਾਰਜ ਕੀਤਾ ਜਾਵੇਗਾ।

## 'ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਨਾ ਕਰੋ...', ਮਾਨਿਕ ਗੋਇਲ ਤੇ ਹੋਰਾਂ ਖਿਲਾਫ਼ ਕੇਸ 'ਚ ਮਾਨ ਸਰਕਾਰ ਨੂੰ ਵੱਡਾ ਝਟਕਾ, ਹਾਈਕੋਰਟ ਨੇ ਜਾਂਚ 'ਤੇ ਲਾਈ ਰੋਕ

**ਚੰਡੀਗੜ੍ਹ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਹਾਜ਼ਰੀ ਵਿੱਚ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਬਾਰੇ ਸਵਾਲ ਪੁੱਛਣ 'ਤੇ ਦਰਜ ਐਫਆਈਆਰ




ਵਿਰੁੱਧ ਆਰਟੀਆਈ ਕਾਰਕੁਨ ਮਾਨਿਕ ਗੋਇਲ ਅਤੇ ਹੋਰਾਂ ਨੇ ਹਾਈ ਕੋਰਟ ਦਾ ਰੁਖ ਕੀਤਾ ਸੀ, ਜਿਸ 'ਤੇ ਅੱਜ ਸੁਣਵਾਈ ਹੋਈ। ਹਾਈਕੋਰਟ ਨੇ ਅੱਜ ਇਸ ਮਾਮਲੇ 'ਚ ਪੰਜਾਬ ਸਰਕਾਰ ਨੂੰ ਤਿੱਖੀ ਝਾੜ ਪਾਉਂਦਿਆਂ ਮਾਮਲੇ 'ਚ ਅੱਗੇ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਸੋਮਵਾਰ ਨੂੰ ਮਾਨਿਕ ਗੋਇਲ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਸਰਕਾਰ ਨੂੰ ਕਿਹਾ ਕਿ ਇਹ ਪੁਲਿਸ ਰਾਜ ਨਹੀਂ ਹੈ। ਇਹ ਮਾਮਲਾ ਕਿਵੇਂ ਬਣਦਾ ਹੈ ? ਜਦੋਂ ਤੁਸੀਂ ਜਨਤਕ ਜੀਵਨ ਵਿੱਚ ਹੁੰਦੇ ਹੋ, ਤਾਂ ਇੰਨਾ ਸੰਵੇਦਨਸ਼ੀਲ ਨਹੀਂ ਹੋਣਾ ਚਾਹੀਦਾ ਕਿ ਕੋਈ ਸਵਾਲ ਨਾ ਚੁੱਕ ਸਕੇ। ਜਵਾਬ ਵਿੱਚ ਸਰਕਾਰ ਨੇ ਕਿਹਾ ਕਿ ਮਾਨਿਕ ਗੋਇਲ ਦੀ ਪੋਸਟ ਨੇ ਕਾਨੂੰਨ ਵਿਵਸਥਾ ਦਾ ਸੰਕਟ ਪੈਦਾ ਕੀਤਾ, ਜੋ ਕਿ ਲੋਕਾਂ ਨੂੰ ਭੜਕਾਉਣ ਲਈ ਕੀਤਾ ਗਿਆ ਸੀ। ਇਸ 'ਤੇ ਹਾਈ ਕੋਰਟ ਨੇ ਪੁੱਛਿਆ ਕਿ ਕਿਵੇਂ ? "ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਨਾ ਕਰੋ..." ਹਾਈ ਕੋਰਟ ਨੇ ਪੁੱਛਿਆ, "ਕੀ ਪਟੀਸ਼ਨਕਰਤਾ ਨੂੰ ਕੋਈ ਜਾਣਕਾਰੀ ਦਿੱਤੀ ਗਈ ਸੀ ? ਹਾਈ ਕੋਰਟ ਨੇ ਸਰਕਾਰੀ ਵਕੀਲ ਨੂੰ ਕਿਹਾ ਕਿ ਉਹ ਜ਼ਿਆਦਾ ਬਹਿਸ ਨਾ ਕਰੇ, ਨਹੀਂ ਤਾਂ ਮਾਮਲੇ ਬਹੁਤ ਅੱਗੇ ਵਧ ਜਾਵੇਗਾ। ਤੁਹਾਨੂੰ ਇੱਥੇ ਰਾਜਨੀਤਿਕ ਬਹਿਸ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ।" ਹਾਈ ਕੋਰਟ ਨੇ ਸਰਕਾਰ ਨੂੰ ਕਿਹਾ ਕਿ ਉਹ ਲੋਕਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰੇ। ਲੋਕਾਂ ਨੂੰ ਸਰਕਾਰ 'ਤੇ ਸਵਾਲ ਉਠਾਉਣ ਦਾ ਅਧਿਕਾਰ ਹੈ ਅਤੇ ਉਨ੍ਹਾਂ ਦੀ ਆਲੋਚਨਾ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰੇ। ਹਾਈ ਕੋਰਟ ਨੇ ਸਰਕਾਰ ਨੂੰ ਸਲਾਹ ਦਿੱਤੀ, "ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਬੰਦ ਕਰੋ। ਲੋਕ ਜਾਣਦੇ ਹਨ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ।"

ਦੱਸ ਦਈਏ ਕਿ ਮਾਨਿਕ ਗੋਇਲ ਨੇ ਹਾਈ ਕੋਰਟ ਵਿੱਚ ਦਾਇਰ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਹਾਜ਼ਰੀ ਵਿੱਚ ਸਰਕਾਰੀ ਹੈਲੀਕਾਪਟਰ ਦੇ ਇਸਤੇਮਾਲ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕੀਤੀ ਸੀ ਅਤੇ ਸਵਾਲ ਕੀਤਾ ਸੀ ਕਿ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਦੇ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਕੌਣ ਕਰ ਰਿਹਾ ਹੈ ? ਹਾਲਾਂਕਿ ਕਿਸੇ ਦਾ ਨਾਮ ਨਹੀਂ ਲਿਆ ਸੀ। ਬਾਅਦ ਵਿੱਚ ਕੁਝ ਪੱਤਰਕਾਰਾਂ ਨੇ ਇਸ ਪੋਸਟ ਸਬੰਧੀ ਉਨ੍ਹਾਂ ਦੀ ਇੰਟਰਵਿਊ ਲਈ ਸੀ। ਇਸ ਤੋਂ ਬਾਅਦ 12 ਦਸੰਬਰ ਨੂੰ ਲੁਧਿਆਣਾ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਉਨ੍ਹਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਸੀ। ਮਾਨਿਕ ਗੋਇਲ ਅਤੇ ਹੋਰਾਂ ਨੇ ਹੁਣ ਇਸ ਐਫਆਈਆਰ ਨੂੰ ਰੱਦ ਕਰਨ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਅਤੇ ਐਫਆਈਆਰ ਨੂੰ ਪੂਰੀ ਤਰ੍ਹਾਂ ਗਲਤ ਦੱਸਦੇ ਹੋਏ ਰੱਦ ਕਰਨ ਦੀ ਮੰਗ ਕੀਤੀ ਸੀ।

## ਜੰਮੂ-ਕਸ਼ਮੀਰ 'ਚ ਐਲ.ਓ.ਸੀ. 'ਤੇ ਵਿਖਾਈ ਦਿੱਤੇ ਪਾਕਿਸਤਾਨੀ ਡਰੋਨ ! ਹਾਈ ਅਲਰਟ 'ਤੇ ਭਾਰਤੀ ਸੁਰੱਖਿਆ ਬਲ

**ਨਵੀਂ ਦਿੱਲੀ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਵਿੱਚ ਅੰਤਰਰਾਸ਼ਟਰੀ ਸਰਹੱਦ ਅਤੇ ਕੰਟਰੋਲ ਰੇਖਾ ਦੇ ਨੇੜੇ ਡਰੋਨ ਗਤੀਵਿਧੀਆਂ ਵਧ ਰਹੀਆਂ ਹਨ। ਪਾਕਿਸਤਾਨ ਨੇ ਗਣਤੰਤਰ ਦਿਵਸ ਤੋਂ ਠੀਕ ਪਹਿਲਾਂ ਭਾਰਤ ਦੀਆਂ ਸਰਹੱਦਾਂ ਦੇ ਨੇੜੇ ਡਰੋਨ ਗਤੀਵਿਧੀਆਂ ਵਧਾ ਦਿੱਤੀਆਂ ਹਨ, ਜਿਸ ਨਾਲ ਸੁਰੱਖਿਆ ਬਲਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਸੁਰੱਖਿਆ ਏਜੰਸੀਆਂ ਦੇ ਅਨੁਸਾਰ, ਅੰਤਰਰਾਸ਼ਟਰੀ ਸਰਹੱਦ ਅਤੇ ਕੰਟਰੋਲ ਰੇਖਾ ਦੇ ਨਾਲ ਵੱਖ-ਵੱਖ ਖੇਤਰਾਂ ਵਿੱਚ ਕੁੱਲ ਪੰਜ ਡਰੋਨ ਦੇਖੇ ਗਏ ਹਨ। ਰਿਪੋਰਟਾਂ ਅਨੁਸਾਰ, ਪੁੰਛ, ਨੌਸ਼ਹਿਰਾ, ਧਰਮਸ਼ਾਲਾ, ਰਾਮਗੜ੍ਹ ਅਤੇ ਪਾਰਖ ਖੇਤਰਾਂ ਤੋਂ ਡਰੋਨ ਦੇਖੇ ਜਾਣ ਦੀ ਰਿਪੋਰਟ ਮਿਲੀ ਹੈ। ਰਾਜੌਰੀ ਜ਼ਿਲ੍ਹੇ ਦੇ ਨੌਸ਼ਹਿਰਾ ਸੈਕਟਰ ਵਿੱਚ ਕੰਟਰੋਲ ਰੇਖਾ ਦੇ ਨੇੜੇ ਇੱਕ ਪਾਕਿਸਤਾਨੀ



ਡਰੋਨ ਦੇਖਿਆ ਗਿਆ। ਭਾਰਤੀ ਫੌਜ ਨੇ ਤੁਰੰਤ ਜਵਾਬ ਦਿੱਤਾ ਅਤੇ ਇਸ 'ਤੇ ਗੋਲੀਬਾਰੀ ਕੀਤੀ।

**ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਚੌਕਸ** : ਡਰੋਨ ਗਤੀਵਿਧੀ ਦੇ ਮੱਦੇਨਜ਼ਰ, ਸਰਹੱਦ ਦੇ ਨਾਲ ਲੱਗਦੇ ਖੇਤਰਾਂ ਵਿੱਚ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ ਗਈ ਹੈ। ਫੌਜ, ਬੀਐਸਐਫ ਅਤੇ ਹੋਰ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ ਹਨ ਅਤੇ ਕਿਸੇ ਵੀ ਘੁਸਪੈਠ ਜਾਂ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਲਗਾਤਾਰ ਨਿਗਰਾਨੀ ਕਰ ਰਹੀਆਂ ਹਨ। ਫੌਜ ਦੇ ਜਵਾਨਾਂ ਨੂੰ ਹਰ ਕੋਨੇ ਅਤੇ ਕੋਨੇ 'ਤੇ ਤਾਇਨਾਤ ਕੀਤਾ ਗਿਆ ਹੈ।

**ਭਾਰਤੀ ਖੇਤਰ 'ਚ ਵਿਖਾਈ ਦਿੱਤੇ ਡਰੋਨ** : ਅਧਿਕਾਰੀਆਂ ਨੇ ਕਿਹਾ ਕਿ ਸਾਰੇ ਡਰੋਨ ਪਾਕਿਸਤਾਨ ਤੋਂ ਆਏ ਸਨ ਅਤੇ ਕੁਝ ਮਿੰਟਾਂ ਲਈ ਭਾਰਤੀ ਖੇਤਰ 'ਤੇ ਘੁੰਮਣ ਤੋਂ ਬਾਅਦ ਵਾਪਸ ਪਰਤ ਗਏ। ਉਨ੍ਹਾਂ ਕਿਹਾ ਕਿ ਰਾਜੌਰੀ ਵਿੱਚ ਕੰਟਰੋਲ ਰੇਖਾ ਦੇ ਨੇੜੇ ਨੌਸ਼ਹਿਰਾ ਸੈਕਟਰ ਦੀ ਰਾਖੀ ਕਰ ਰਹੇ ਫੌਜੀ ਜਵਾਨਾਂ ਨੇ ਗਨੀਆ-ਕਲਸੀਆਂ ਪਿੰਡ ਉੱਤੇ ਡਰੋਨ ਗਤੀਵਿਧੀ ਦੇਖਣ ਤੋਂ ਬਾਅਦ ਸ਼ਾਮ 6:35 ਵਜੇ ਮਸ਼ੀਨ ਗੰਨਾਂ ਨਾਲ ਗੋਲੀਬਾਰੀ ਕੀਤੀ। ਰਾਜੌਰੀ ਜ਼ਿਲ੍ਹੇ ਦੇ ਤੇਰੀਆਥ ਦੇ ਖੱਬਰ ਪਿੰਡ ਵਿੱਚ ਸ਼ਾਮ 6:35 ਵਜੇ ਇੱਕ ਹੋਰ ਡਰੋਨ ਦੇਖਿਆ ਗਿਆ। ਉਨ੍ਹਾਂ ਕਿਹਾ ਕਿ ਸ਼ਾਮ 7:15 ਵਜੇ ਸਾਂਬਾ ਦੇ ਰਾਮਗੜ੍ਹ ਸੈਕਟਰ ਦੇ ਚੱਕ ਬਾਬਰਲ ਪਿੰਡ ਉੱਤੇ ਇੱਕ ਡਰੋਨ ਵਰਗੀ ਵਸਤੂ ਲਗਭਗ ਦੋ ਮਿੰਟ ਲਈ ਘੁੰਮਦੀ ਦਿਖਾਈ ਦਿੱਤੀ। ਪੁਣਛ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਦੇ ਨੇੜੇ ਮਨਕੋਟ ਸੈਕਟਰ ਵਿੱਚ ਸ਼ਾਮ 6:25 ਵਜੇ ਇੱਕ ਹੋਰ ਡਰੋਨ ਦੇਖਿਆ ਗਿਆ।

**ਅਖਨੂਰ ਸੈਕਟਰ ਵਿੱਚ ਫੜਿਆ ਗਿਆ ਸੀ ਸ਼ੱਕੀ ਕਬੂਤਰ** : ਸ਼ਨੀਵਾਰ (10 ਜਨਵਰੀ) ਨੂੰ, ਅਖਨੂਰ ਸੈਕਟਰ ਵਿੱਚ ਕੰਟਰੋਲ ਰੇਖਾ ਦੇ ਨੇੜੇ ਇੱਕ ਸ਼ੱਕੀ ਕਬੂਤਰ ਫੜਿਆ ਗਿਆ। ਕਬੂਤਰ ਨੂੰ ਕਰਾਹ ਪਿੰਡ ਵਿੱਚ ਆਰੀਅਨ ਨਾਮ ਦੇ ਇੱਕ ਮੁੰਡੇ ਨੇ ਫੜਿਆ ਸੀ। ਇਸਦੇ ਖੱਬੇ ਪੈਰ ਵਿੱਚ ਇੱਕ ਲਾਲ ਰਿੰਗ ਸੀ ਜਿਸ ਉੱਤੇ ਰਹਿਮਤ ਸਰਕਾਰ (03158080213) ਨਾਮ ਲਿਖਿਆ ਹੋਇਆ ਸੀ, ਅਤੇ ਇਸਦੇ ਸੱਜੇ ਪੈਰ ਵਿੱਚ ਇੱਕ ਪੀਲੀ ਰਿੰਗ ਸੀ ਜਿਸ ਉੱਤੇ ਰਿਜ਼ਵਾਨ 2025 (017282) ਨਾਮ ਲਿਖਿਆ ਹੋਇਆ ਸੀ। ਕਬੂਤਰ ਦੇ ਖੰਭਾਂ 'ਤੇ ਵੀ ਮੋਹਰ ਲੱਗੀ ਹੋਈ ਸੀ। ਖੰਭਾਂ 'ਤੇ "ਨੌਸ਼ਹਿਰਾ ਆਲਿੰਗ ਕਬੂਤਰ ਕਲੱਬ" ਦੀ ਮੋਹਰ ਲੱਗੀ ਹੋਈ ਸੀ। ਨੌਸ਼ਹਿਰਾ ਪਾਕਿਸਤਾਨ ਦਾ ਇੱਕ ਸ਼ਹਿਰ ਹੈ। ਸੂਚਨਾ ਮਿਲਣ 'ਤੇ ਸੁਰੱਖਿਆ ਬਲ ਮੌਕੇ 'ਤੇ ਪਹੁੰਚੇ ਕਬੂਤਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ।

## ਗੋਲੀਆਂ ਮਾਰ ਕਤਲ ਕੀਤੇ ਰਾਣਾ ਬਲਾਚੌਰੀਆ ਦੇ ਮਾਮਲੇ 'ਚ ਦੋ ਸ਼ੂਟਰ ਗ੍ਰਿਫ਼ਤਾਰ !

**ਜਲੰਧਰ/ਰੋਪੜ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਗੋਲ਼ੀਆਂ ਮਾਰ ਕੇ ਕਤਲ ਕੀਤੇ ਗਏ ਰਾਣਾ ਬਲਾਚੌਰੀਆ ਦੇ ਮਾਮਲੇ ਵਿਚ ਵੱਡੀ ਅਪਡੇਟ ਮਿਲੀ ਹੈ। ਦਰਅਸਲ ਬਲਾਚੌਰੀਆ ਕਤਲ ਦੇ ਮਾਮਲੇ ਵਿਚ ਪੰਜਾਬ ਪੁਲਸ ਨੇ ਵੱਡੀ ਕਾਰਵਾਈ ਕੀਤੀ ਹੈ। ਪੰਜਾਬ ਪੁਲਸ ਨੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਸ਼ੂਟਰਾਂ ਨੂੰ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਫੜੇ ਗਏ ਸ਼ੂਟਰਾਂ ਦੀ ਪਛਾਣ ਕਰਨ ਪਾਠਕ ਤੇ ਤਰਨਦੀਪ ਸਿੰਘ ਵਜੋਂ ਹੋਈ ਹੈ। ਇਹ ਕਾਰਵਾਈ ਪੱਛਮੀ ਬੰਗਾਲ ਐੱਸ. ਟੀ. ਐੱਫ਼, ਸੈਂਟਰਲ ਏਜੰਸੀਆਂ ਦੀ ਮਦਦ ਨਾਲ ਕੀਤੀ ਗਈ ਹੈ।

ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਨੇ ਪੰਜਾਬ, ਮਹਾਰਾਸ਼ਟਰ, ਕਰਨਾਟਕ, ਪੱਛਮੀ ਬੰਗਾਲ ਅਤੇ ਸਿੱਕਮ ਵਿੱਚ ਕਾਰਵਾਈਆਂ ਦੌਰਾਨ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਵਿੱਚ ਸਿੱਕਮ ਪੁਲਸ, ਮੁੰਬਈ ਪੁਲਸ, ਪੱਛਮੀ ਬੰਗਾਲ ਸਪੈਸ਼ਲ ਟਾਸਕ ਫੋਰਸ, ਕੇਂਦਰੀ ਏਜੰਸੀਆਂ ਅਤੇ ਹਾਵੜਾ ਵਿੱਚ ਸਥਾਨਕ ਪੁਲਸ ਦੀ ਮਦਦ ਲਈ ਸੀ। ਇਸ ਤੋਂ ਇਲਾਵਾ ਵਿਦੇਸ਼ੀ ਹੈਂਡਲਰ ਅਮਰ ਖਾਬੇ ਰਾਜਪੂਤਾ ਦੇ ਨਜ਼ਦੀਕੀ ਰਿਸ਼ਤੇਦਾਰ ਆਕਾਸ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 15 ਦਸੰਬਰ 2025 ਦੀ ਸ਼ਾਮ ਨੂੰ ਮੋਹਾਲੀ ਦੇ ਸੋਹਾਣਾ ਵਿੱਚ ਟੂਰਨਾਮੈਂਟ ਦੌਰਾਨ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਹਮਲਾਵਰ ਮੋਟਰਸਾਈਕਲ ਉੱਤੇ ਆਏ ਸਨ ਅਤੇ ਉਨ੍ਹਾਂ ਨੇ ਰਾਣਾ ਨੂੰ ਸੈਲਫੀ ਲੈਣ ਲਈ ਰੋਕਿਆ ਸੀ, ਜਿਵੇਂ ਹੀ ਉਹ ਰੁਕਿਆ ਤਾਂ ਉਸ ਉੱਤੇ ਨੇੜਿਓਂ ਫਾਇਰ ਕੀਤੇ ਗਏ ਅਤੇ ਹਮਲਾਵਰ ਮੋਟਰਸਾਈਕਲਾਂ ਉੱਤੇ ਫ਼ਰਾਰ ਹੋ ਗਏ। ਪੁਲਸ ਮੁਤਾਬਕ ਦੋ ਸ਼ੂਟਰਾਂ ਦੀ ਪਛਾਣ ਆਦਿੱਤਿਆ ਕਪੂਰ ਉਰਫ਼ ਮੱਖਣ ਅਤੇ ਅੰਮ੍ਰਿਤਸਰ ਦੇ ਕਰਨ ਪਾਠਕ ਵਜੋਂ ਹੋਈ ਸੀ, ਜੋਕਿ ਡੌਨੀ ਬੱਲ ਗੈਂਗ ਨਾਲ ਸੰਬੰਧ ਰੱਖਦੇ ਹਨ। ਪੁਲਸ ਮੁਤਾਬਕ ਵਾਰਦਾਤ ਵਿੱਚ ਦੋ ਸ਼ੂਟਰਾਂ ਸਣੇ ਕੁਲ 3 ਜਣੇ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਮੋਹਾਲੀ ਦੇ ਸੋਹਾਣਾ ਵਿਖੇ ਬੀਤੇ ਦਿਨੀਂ ਹੀ ਗੋਲ਼ੀਆਂ ਮਾਰ ਕੇ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦਾ ਕਤਲ ਕਰਨ ਵਾਲੇ ਇਕ ਸ਼ੱਕੀ ਸ਼ੂਟਰ ਦਾ ਪੁਲਸ ਵੱਲੋਂ ਐਨਕਾਊਂਟਰ ਕੀਤਾ ਗਿਆ ਸੀ। ਪੁਲਸ ਨੇ ਕਨਵਰ ਦਿਗਵਿਜੈ ਸਿੰਘ ਉਰਫ਼ ਰਾਣਾ ਬਲਾਚੌਰੀਆ ਕਤਲਕਾਂਡ ਦੇ ਸ਼ੂਟਰ ਦਾ ਮੋਹਾਲੀ ਦੇ ਲਾਲੜੂ ਵਿਖੇ ਐਨਕਾਊਂਟਰ ਕੀਤਾ ਅਤੇ ਉਸ ਨੂੰ ਢੇਰ ਕਰ ਦਿੱਤਾ ਸੀ। ਸ਼ੂਟਰ ਦੀ ਪਛਾਣ ਨੌਸ਼ਹਿਰਾ ਪੰਨੂਆਂ, ਤਰਨਤਾਰਨ ਦੇ ਰਹਿਣ ਵਾਲੇ ਹਰਪਿੰਦਰ ਉਰਫ਼ ਮਿੱਡੂ ਵਜੋਂ ਹੋਈ ਸੀ। ਮੁਲਜ਼ਮ ਨੂੰ ਪੁਲਸ ਟੀਮ ਨਾਲ ਹੋਏ ਮੁਕਾਬਲੇ ਦੌਰਾਨ ਕਾਬੂ ਕੀਤਾ ਗਿਆ। ਮੁਲਜ਼ਮ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ, ਜਿੱਥੇ ਉਸ ਨੇ ਦਮ ਤੋੜ ਦਿੱਤਾ।

# ਸਾਂਝਾ ਪੰਜਾਬ

VEG & NON-VEG INDIAN

WE CATER FOR
★★★★★









SANJHA PUNJAB

VEG & NON-VEG INDIAN

TAKE AWAY MENU

0116 291 1565
075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

**-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'**

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥

# ਗੁਰਦੁਆਰਾ ਬਾਬਾ ਸੰਗ ਜੀ ਹਾਈ ਸਟਰੀਟ ਸਮੈਦਿਕ ਬਰਮਿੰਘਮ ਇੰਗਲੈਂਡ

ਵਿਖੇ ਮਾਘੀ ਦੇ ਇਤਿਹਾਸਿਕ ਦਿਨ ਟੁੱਟੀ ਗੰਢੀ ਦਿਹਾੜੇ ਤੇ ਮੁਕਤਸਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਇੰਟਰਨੈਸ਼ਨਲ ਪੰਥਕ ਦਲ ਯੂ. ਕੇ. (ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਵੱਲੋਂ

# ਧਾਰਮਿਕ ਸ਼ਹੀਦੀ ਸਮਾਗਮ

## 18 ਜਨਵਰੀ, 2026 (ਦਿਨ ਐਤਵਾਰ)




### ਗੁਰੂ ਪਿਆਰੀ ਸਾਧ ਸੰਗਤ ਜੀਓ,

ਜਿਸ ਤਰ੍ਹਾਂ ਆਪ ਜੀ ਭਲੀ ਭਾਂਤ ਜਾਣਦੇ ਹੋ ਕਿ ਸਿੱਖ ਇਤਿਹਾਸ ਵਿੱਚ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ਨੂੰ ਵਿਲੱਖਣ ਮਹੱਤਤਾ ਪ੍ਰਾਪਤ ਹੈ। ਇੱਥੇ ਭਾਈ ਮਹਾ ਸਿੰਘ ਜੀ ਦੀ ਅਗਵਾਈ ਹੇਠ ਉਹ ਸਿੰਘ, ਜੋ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਦੌਰਾਨ ਬੇਦਾਵਾ ਦੇ ਕੇ ਚਲੇ ਗਏ ਸਨ, ਮਾਤਾ ਭਾਗ ਕੌਰ ਜੀ ਦੀ ਪ੍ਰੇਰਣਾ ਨਾਲ ਪਸ਼ਚਾਤਾਪ ਕਰਦੇ ਹੋਏ ਮੁੜ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ ਆਏ। ਮੁਕਤਸਰ ਦੀ ਜੰਗ ਵਿੱਚ ਚਾਲੀ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਪ੍ਰਗਟਾਵਾ ਕਰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰਕੇ ਗੁਰੂ ਨਾਲੋਂ ਟੁੱਟੀ ਗੰਢੀ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਦੇਖ ਕੇ ਬੇਦਾਵਾ ਪਾੜ ਦਿੱਤਾ ਅਤੇ ਉਨ੍ਹਾਂ ਨੂੰ "ਚਾਲੀ ਮੁਕਤਿਆਂ" ਖਿਤਾਬ ਬਖ਼ਸ਼ਿਆ।

ਇਹ ਪਾਵਨ ਸ਼ਹਾਦਤ ਅੱਜ ਵੀ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜੇ ਅਸੀਂ ਅਣਜਾਣੇ ਵਿੱਚ ਕਦੇ ਗੁਰੂ ਤੋਂ ਬੇਦਾਵਾ ਦੇ ਬੈਠੇ ਹਾਂ, ਤਾਂ ਗੁਰੂ ਦੇ ਚਰਨਾਂ ਵਿੱਚ ਆ ਕੇ ਆਪਣੇ ਜੀਵਨ ਦਾ ਬੇਦਾਵਾ ਆਪ ਹੀ ਪਾੜੀਏ ਅਤੇ ਗੁਰੂ ਨਾਲ ਪ੍ਰੀਤ ਨਿਭਾਉਣ ਦੀ ਅਰਦਾਸ ਕਰੀਏ।

### ★ ਪ੍ਰੋਗਰਾਮ ★

ਆਰੰਭ ਸ੍ਰੀ ਅਖੰਡ ਪਾਠ ਸਾਹਿਬ 16 ਜਨਵਰੀ 2026 ਦਿਨ ਸ਼ੁਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 18 ਜਨਵਰੀ 2026 ਦਿਨ ਐਤਵਾਰ ਸਵੇਰੇ 10 ਵਜੇ
*********************

ਭੋਗ ਤੋਂ ਉਪਰੰਤ ਕੀਰਤਨੀ ਜਥਾ ਭਾਈ ਬਲਵੰਤ ਸਿੰਘ ਜੀ ਕਵੀਸ਼ਰੀ ਜਥਾ ਭਾਈ ਮਲਕੀਤ ਸਿੰਘ ਬੰਗਾ ਪੰਛੀ ਭਰਾਵਾਂ ਦੀ ਜੋੜੀ, ਕਥਾਕਾਰ ਗਿਆਨੀ ਗੁਰਪਾਲ ਸਿੰਘ ਗੁਰਦਾਸਪੁਰ ਵਾਲੇ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ


ਕੀਰਤਨੀ ਜਥਾ ਭਾਈ ਬਲਵੰਤ ਸਿੰਘ ਜੀ



ਕੀਰਤਨੀ ਜਥਾ, ਭਾਈ ਬਲਵੰਤ ਸਿੰਘ ਜੀ, ਕਵੀਸ਼ਰੀ ਜਥਾ ਭਾਈ ਮਲਕੀਤ ਸਿੰਘ ਬੰਗਾ, ਪੰਛੀ ਭਰਾਵਾਂ ਦੀ ਜੋੜੀ


ਕਥਾਕਾਰ ਗਿਆਨੀ ਗੁਰਪਾਲ ਸਿੰਘ ਗੁਰਦਾਸਪੁਰ ਵਾਲੇ



### ★ ਗੁਰੂ ਪੰਥ ਦੇ ਸੇਵਾਦਾਰ ★

## ਇੰਟਰਨੈਸ਼ਨਲ ਪੰਥਕ ਦਲ ਯੂ. ਕੇ.

(ਬਾਨੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ)

ਵਧੇਰੇ ਜਾਣਕਾਰੀ ਲਈ →

ਭਾਈ ਰਘਵੀਰ ਸਿੰਘ ਵਾਲਸਾਲ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂਕੇ, ਮੋ.: +44 7976210161
ਭਾਈ ਕਪਤਾਨ ਸਿੰਘ, ਜਨਰਲ ਸਕੱਤਰ ਤੇ ਮੁੱਖ ਬੁਲਾਰਾ, ਇੰਟਰਨੈਸ਼ਨਲ ਪੰਥਕ ਦਲ ਯੂਕੇ, +44 7788283485
ਭਾਈ ਰਘਵੀਰ ਸਿੰਘ ਬੀਰ੍ਹਾ, ਸੀਨੀਅਰ ਮੀਤ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂਕੇ ਅਤੇ (ਸਾਬਕਾ ਪ੍ਰਧਾਨ ਗੁਰਦੁਆਰਾ ਬਾਬਾ ਸੰਗ ਜੀ) +44 7930908368

**Address: GURDWARA BABA SANG JI**
**9 St Paul's Rd, Smethwick Birmingham B66 1EE**




**ਸ੍ਰੀ ਹਜ਼ੂਰ ਸਾਹਿਬ ਵਿਖੇ ਮਨਾਏ ਜਾ ਰਹੇ ਸ਼ਤਾਬਦੀ ਸਮਾਗਮਾਂ 'ਚ ਮੁੱਖ ਮੰਤਰੀ ਨਾਇਬ ਸੈਣੀ ਹੋਣਗੇ ਸ਼ਾਮਿਲ**

# ਮੁੱਖ ਮੰਤਰੀ ਫੜਨਵੀਸ ਤੇ ਦਮਦਮੀ ਟਕਸਾਲ ਮੁਖੀ ਸੰਤ ਗਿ.ਹਰਨਾਮ ਸਿੰਘ ਖਾਲਸਾ ਵੱਲੋਂ ਵਫ਼ਦ ਨੇ ਦਿੱਤਾ ਸੱਦਾ

**ਚੌਕ ਮਹਿਤਾ,12 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮਹਾਂਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਸੰਤ ਗਿਆਨੀ ਕੁਲਵੰਤ ਸਿੰਘ ਦੀ ਅਗਵਾਈ ਹੇਠ 24 ਤੇ 25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ 'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਵਿਸ਼ਾਲ ਪੱਧਰ 'ਤੇ ਮਨਾਈ ਜਾ ਰਹੀ ਹੈ,ਜਿਸ ਵਿੱਚ ਦੇਸ਼ ਵਿਦੇਸ਼ ਤੋਂ ਬਹੁਤ ਸਾਰੀਆਂ ਪ੍ਰਮੁੱਖ ਧਾਰਮਿਕ,ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਹਾਜ਼ਰੀ ਭਰ ਰਹੀਆਂ ਹਨ।ਇੰਨ੍ਹਾਂ ਸਮਾਗਮਾਂ 'ਚ ਸ਼ਾਮਿਲ ਹੋਣ ਦਾ ਸੁਨੇਹਾ ਲੈ ਕੇ ਮਹਾਂਰਾਸ਼ਟਰ ਤੋਂ ਹਰਿਆਣਾ ਪੁੱਜੇ ਸਿੱਖ ਸਮੁਦਾਏ ਦੇ ਇੱਕ ਵਫਦ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ ਤੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਦੋ ਦਿਨਾਂ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਦਾ ਭੇਜਿਆ ਗਿਆ ਸਨੇਹ ਭਰਿਆ ਸੱਦਾ-ਪੱਤਰ ਭੇਂਟ ਕੀਤਾ।ਮੁੱਖ ਮੰਤਰੀ ਸੈਣੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਇਹ ਸੱਦਾ ਪ੍ਰਵਾਨ ਕੀਤਾ ਤੇ 25 ਜਨਵਰੀ ਨੂੰ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਤਖਤ ਸ੍ਰੀ ਹਜ਼ੂਰ ਸਾਹਿਬ ਪੁੱਜਣ ਦੀ ਆਪਣੀ ਸਹਿਮਤੀ ਜ਼ਾਹਿਰ ਕੀਤੀ।ਉਨ੍ਹਾਂ ਕਿਹਾ ਕਿ ਧਰਮ ਤੇ ਸੱਚ ਦੀ ਖਾਤਿਰ ਆਪਣਾ ਸੀਸ ਨੌਸ਼ਾਵਰ ਕਰਨ ਵਾਲੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮ 'ਚ ਉਹ ਜ਼ਰੂਰ ਸਾਮਿਲ ਹੋਣਗੇ।ਇਸ ਮੌਕੇ ਸ਼ਹੀਦੀ ਸ਼ਤਾਬਦੀ ਸਮਾਗਮ ਲਈ ਬਣੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ,ਸੈਕਟਰੀ ਸੁਖਵਿੰਦਰ ਸਿੰਘ ਸੋਨੂੰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੋਕਸਮੈਨ ਭਾਈ ਕੰਵਲਜੀਤ ਸਿੰਘ ਅਜਰਾਨਾ,ਚੀਫ ਖਾਲਸਾ ਦੀਵਾਨ ਦੇ ਮੈਂਬਰ ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ ਆਦਿ ਵਫਦ 'ਚ ਸ਼ਾਮਲ ਸਨ।



ਆਵਾਜ਼ਿ ਕੌਮ AWAZE QAUM
International Newspaper & WEB TV

# ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਆਪਣੀ ਪੋਤਰੀ ਜੈ ਕੌਰ ਦੀ ਲੋਹੜੀ ਮਨਾਈ



**ਸੰਗਾਲਾ/ਧੂਰੀ (ਰਣਜੀਤ ਸਿੰਘ ਪੇਧਨੀ)** -ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਆਪਣੀ ਪੋਤਰੀ ਜੈ ਕੌਰ ਦੀ ਲੋਹੜੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਬਾਠ ਪਰਿਵਾਰ ਵੱਲੋਂ ਆਪਣੇ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ ਕਰਵਾਕੇ ਮਨਾਈ ਗਈ। ਜਿਸ ਵਿੱਚ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਡਸਾ, ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸੇਸ ਤੌਰ 'ਤੇ ਪਰਿਵਾਰ ਦੀ ਖੁਸ਼ੀ ਨੂੰ ਦੁੱਗਣਾ ਕਰਨ ਲਈ ਪਹੁੰਚੇ ਸਨ । ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਕਿਹਾ ਕਿ ਜਿੱਥੇ ਅਸੀਂ ਘਰ ਵਿੱਚ ਮੁੰਡਾ ਹੋਣ ਤੇ ਪਰਿਵਾਰ ਵਧਣ ਕਰਕੇ ਮੁੰਡਿਆਂ ਦੀ ਲੋੜੀ ਮਨਾਉਂਦੇ ਹਾਂ। ਉੱਥੇ ਹੀ ਇਸ ਸਮਾਜ ਦੇ ਵਿੱਚ ਕੁੜੀਆਂ ਦਾ ਬਹੁਤ ਵੱਡਾ ਯੋਗਦਾਨ ਹੈ, ਸਮਾਜ ਨੂੰ ਚਾਹੀਦਾ ਹੈ ਕਿ ਮੁੰਡਿਆਂ ਨਾਲੋਂ ਕੁੜੀਆਂ ਦੀ ਲੋੜੀ ਜ਼ਿਆਦਾਤਰ ਮਨਾ ਕੇ ਕੁੜੀਆਂ ਨੂੰ ਬਣਦਾ ਸਮਾਜ ਵਿੱਚ ਸਤਿਕਾਰ ਦਿੱਤਾ ਜਾਵੇ। ਅੰਤ ਵਿੱਚ ਨਵਕਿਰਨ ਸਿੰਘ ਬਾਠ ਅਤੇ ਇੰਦਰਜੋਤ ਸਿੰਘ ਬਾਠ ਨੇ ਬੇਟੀ ਜੈ ਕੌਰ ਦੀ ਲੋਹੜੀ 'ਤੇ ਪਰਿਵਾਰ ਦੇ ਨਿੱਕੇ ਜੇ ਸੱਦੇ ਤੇ ਪਹੁੰਚ 'ਤੇ ਦੋਸਤਾਂ,ਮਿੱਤਰਾਂ, ਪਰਿਵਾਰਕ ਰਿਸਤੇਦਾਰਾਂ, ਸਾਕ ਸਬੰਧੀਆਂ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕੀਤਾ। ਇਸ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ, ਆਪ ਆਗੂ ਸਤਿੰਦਰ ਸਿੰਘ ਚੱਠਾ, ਜਤਿੰਦਰ ਸਿੰਘ ਸੋਨੀ ਮੰਡੇਰ,ਜਸਵੰਤ ਸਿੰਘ ਭੱਠਲ, ਜਸਵੀਰ ਸਿੰਘ ਦਿਓਲ, ਸਤਿਗੁਰ ਸਿੰਘ ਨਮੋਲ,ਹਰਪ੍ਰੀਤ ਸਿੰਘ ਢੀਂਡਸਾ,ਜਸਬੀਰ ਸਿੰਘ ਭਲਵਾਨ,ਅਮਰੀਕ ਸਿੰਘ ਜਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ, ਰਣਧੀਰ ਸਿੰਘ ਪਰਦੇਸੀ, ਗੁਰਮੀਤ ਸਿੰਘ ਬਰੜਵਾਲ, ਵਰਿੰਦਰਪਾਲ ਸਿੰਘਟੀਟੂ ਸੁਖਪਾਲ ਸ਼ਰਮਾ ਸਾਬਕਾ ਚੇਅਰਮੈਨ ਮਾਰਕੀਟਿ ਕਮੇਟੀ ਧੂਰੀ, ਤਲਬੀਰ ਸਿੰਘ ਧਨੇਸਰ, ਹਰਦਮ ਸਿੰਘ ਰਾਜੋਮਾਜਰਾ, ਤੋਂ ਇਲਾਵਾ ਰਿਸਤੇਦਾਰ, ਸਾਕ ਸਬੰਧੀ, ਦੋਸਤ ਮਿੱਤਰਵੱਡੀ ਗਿਣਤੀ ਵਿੱਚ ਹਾਜ਼ਰ ਸਨ।





ਰਣਜੋਧ ਸਿੰਘ ਕਾਂਝਲਾ, ਹਰਜਿੰਦਰ ਸਿੰਘ ਕਾਂਝਲਾ ਦਾ ਦਾਅਵਾ

# ਪੰਜਾਬ ਚੋਂ ਨਸ਼ਿਆਂ ਨੂੰ ਖਤਮ ਕਰਕੇ ਹੀ ਦਮ ਲਵੇਗੀ ਆਪ ਸਰਕਾਰ



**ਧੂਰੀ (ਰਣਜੀਤ ਸਿੰਘ ਪੇਧਨੀ )** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੇ ਸ਼ੁਰੂ ਕੀਤੇ ਗਏ ਦੂਜੇ ਪੜਾਅ ਤਹਿਤ ਨਸ਼ੇ ਦੇ ਕਾਰੋਬਾਰ ਨੂੰ ਪੰਜਾਬ ਅੰਦਰੋਂ ਪੂਰੀ ਤਰ੍ਹਾਂ ਖਤਮ ਕਰਨ ਲਈ ਹੋਰ ਸਖਤ ਕਦਮ ਚੁੱਕੇ ਜਾਣਗੇ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨਾਮੁਰਾਦ ਅਲਾਮਤ ਨੂੰ ਪੰਜਾਬ ਚੋਂ ਖਤਮ ਕਰਕੇ ਹੀ ਦਮ ਲਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜਿਲ੍ਹਾ ਪ੍ਰੀਸ਼ਦ ਅਤੇ ਰਣਜੋਧ ਸਿੰਘ ਕਾਂਝਲਾ ਮੈਂਬਰ ਬਲਾਕ ਸੰਮਤੀ ਨੇ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਰਜੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਮਾਨਦਾਰ ਸੋਚ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਤਹੱਈਏ ਨਾਲ ਕਰੀਬ 10 ਮਹੀਨੇ ਪਹਿਲਾਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਦੇ ਨਤੀਜਾ ਪੰਜਾਬ ਦੇ ਲੋਕਾਂ ਦੇ ਸਾਹਮਣੇ ਹਨ। ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਤੋਂ ਪਹਿਲਾਂ ਨਸ਼ੇ ਪੰਜਾਬ ਦੀ ਹਰ ਗਲੀ ਅਤੇ ਮੁਹੱਲੇ ਅੰਦਰ ਸ਼ਰੇਆਮ ਵਿਕਦੇ ਸਨ ਅਤੇ ਪੰਜਾਬ ਨਸ਼ਿਆਂ ਵਿੱਚ ਜਕੜਿਆ ਹੋਇਆ ਸੀ ਪਰ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਨਣ ਮਗਰੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਦੌਰਾਨ ਜਿਸ ਢੰਗ ਨਾਲ ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ ਲੜਾਈ ਲੜੀ ਹੈ ਅਜਿਹਾ ਪਹਿਲਾਂ ਕਦੇ ਵੀ ਨਹੀਂ ਹੋਇਆ। ਨਸ਼ਿਆਂ ਖਿਲਾਫ ਲੋਕ ਲਹਿਰ ਖੜੀ ਕਰਨ ਲਈ ਡੇਢ ਲੱਖ ਵਿਲੇਜ ਡਿਫੈਂਸ ਕਮੇਟੀਆਂ ਤਿਆਰ ਕੀਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਨਸ਼ੇ ਦੇ ਕਾਰੋਬਾਰ ਵਿੱਚ ਲੱਗੇ 28000 ਲੋਕਾਂ ਦੇ ਖਿਲਾਫ ਮਾਮਲੇ ਦਰਜ ਕੀਤੇ ਗਏ ਅਤੇ 42000 ਨਸ਼ਾ ਤਸਕਰਾਂ ਨੂੰ ਜੇਲ੍ਹਾਂ ਅੰਦਰ ਡੱਕਿਆ ਗਿਆ ਹੈ। ਇੱਥੋਂ ਤੱਕ ਕਿ ਵੱਡੇ ਅਤੇ ਪ੍ਰਭਾਵਸ਼ਾਲੀ ਮਗਰਮੱਛਾਂ ਨੂੰ ਵੀ ਨਹੀਂ ਬਖਸ਼ਿਆ ਅਤੇ ਜੇਲ੍ਹਾਂ ਅੰਦਰ ਬੰਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਲੜਾਈ ਨੂੰ ਖਤਮ ਕਰਨ ਲਈ ਸਮਾਂ ਜ਼ੂਰ ਲੱਗ ਰਿਹਾ ਹੈ ਪਰ ਲੋਕਾਂ ਦੇ ਸਹਿਯੋਗ ਨਾਲ ਇਸ ਜੰਗ ਨੂੰ ਜ਼ੂਰ ਜਿੱਤਿਆ ਜਾਵੇਗਾ। ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਨਹੀਂ ਹੋ ਜਾਂਦਾ।

ਆਵਾਜ਼ਿ ਕੌਮ AWAZE QAUM International Newspaper & WEB TV

## ਇਹ ਮੇਰਾ ਪੰਜਾਬ ਥੋੜੀ ਏ...

ਪਤਾ ਨੀ ਕਿਸਦੀ ਭੈੜੀ ਨਜ਼ਰ ਨੇ ਇਸਨੂੰ ਖਾ ਲਿਆ,
ਤਾਹੀਓਂ ਹੁਣ ਏ ਸੁੱਕੀ ਟਾਹਣੀ ਵਾਂਗ ਕਮਲਾ ਗਿਆ,
ਪਰ, ਹੁਣ ਇਸਦੀ ਉਹੀ ਰੰਗਤ ਤੇ ਅੰਦਾਜ਼ ਥੋੜੀ ਏ,
ਦੱਸੋ ਤਾਂ ਸਹੀ ਏ ਮੇਰਾ ਪੰਜਾਬ ਥੋੜੀ ਏ।

ਰਿਸ਼ਤਿਆਂ ਵਿੱਚ ਕੁੜੱਤਣ ਨੇ ਐਸਾ ਫੇਰਾ ਪਾ ਲਿਆ,
ਭਾਈ ਨੇ ਭਾਈ ਨੂੰ ਹੀ ਆਪਣਾ ਦੁਸ਼ਮਣ ਬਣਾ ਲਿਆ,
ਹੁਣ ਉਹਨਾਂ ਵਿੱਚ ਪਹਿਲਾਂ ਵਾਲਾ ਪਿਆਰ ਥੋੜੀ ਏ,
ਦੱਸੋ ਤਾਂ ਸਹੀ ਏ ਮੇਰਾ ਪੰਜਾਬ ਥੋੜੀ ਏ।

ਨਸ਼ਿਆਂ ਨੇ ਇੱਥੇ ਪੱਕਾ ਡੇਰਾ ਲਾ ਲਿਆ,
ਨੌਜਵਾਨਾਂ ਨੂੰ ਇਸਨੇ ਨਾਮਰਦ ਬਣਾ ਲਿਆ,
ਪਰ,ਹੁਣ ਇੱਥੇ ਪਹਿਲਾਂ ਵਾਲੀ ਖੁਰਾਕ ਥੋੜੀ ਏ,
ਦੱਸੋ ਤਾਂ ਸਹੀ ਏ ਮੇਰਾ ਪੰਜਾਬ ਥੋੜੀ ਏ

ਵਾਤਾਵਰਣ ਨੂੰ ਗੰਦਲਾ ਅਸੀਂ ਆਪ ਹੀ ਬਣਾ ਲਿਆ,
ਫ਼ਾਸੀ ਦਾ ਰੱਸਾ ਅਸੀਂ ਆਪ ਹੀ ਗਲ ਵਿੱਚ ਪਾ ਲਿਆ,
ਤਾਹੀਓਂ ਹੁਣ ਇੱਥੇ ਬਿਮਾਰੀਆਂ ਵਿੱਚ ਕਮੀ ਥੋੜੀ ਏ,
" ਬਾਵੇ "ਦੱਸ ਤਾਂ ਸਹੀ ਏ ਮੇਰਾ ਪੰਜਾਬ ਥੋੜੀ ਏ!!



-ਲੇਖਕ ਰਣਵੀਰ ਬਾਵਾ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਪੰਜਾਬੀਆਂ ਦਾ ਅੱਥਰਾ ਨਸਲੀ ਸੁਭਾਅ ਦੁਨੀਆਂ ਦੇ ਨਕਸ਼ੇ 'ਤੇ

# 'ਪੰਜਾਬ ਦੇਸ਼' ਦੇ ਉੱਭਰ ਕੇ ਆਉਣ ਦੇ ਰਸਤੇ ਦੀ ਰੁਕਾਵਟ ਹੈ



ਭਾਈ ਅਮਰੀਕ ਸਿੰਘ ਮੁਕਤਸਰ

**ਦੁਨੀਆ** ਦੇ ਬਦਲਦੇ ਹਾਲਾਤਾਂ ਵਿੱਚ ਪੰਜਾਬ ਦੇ ਇੱਕ ਨਵੇ ਦੇਸ਼ ਵਜੋ ਦੁਨੀਆ ਦੇ ਨਕਸ਼ੇ ਉਪਰ ਉੱਭਰ ਕੇ ਆਉਣ ਦੀਆਂ ਇਤਿਹਾਸਕ ਸੰਭਾਵਨਾਵਾਂ ਤਾਂ ਸ਼ਪਸਟ ਹਨ ।ਪਰ ਇਹਨਾਂ ਸੰਭਾਵਨਾਵਾਂ ਵਿੱਚ ਸਭ ਤੋਂ ਵੱਡੀ ਰੁਕਾਵਟ ਦੋਹਾਂ ਪੰਜਾਬਾਂ ਦੇ ਲੋਕਾਂ ਦਾ ਇਤਿਹਾਸਕ ਪ੍ਰਸਥਿਤੀਆਂ ਵਿੱਚ ਬਣਿਆ ਨਸਲੀ ਸੁਭਾਅ ਬਹੁਤ ਵੱਡੀ ਰੁਕਾਵਟ ਹੈ ।ਅੰਤਰਰਾਸ਼ਟਰੀ ਸਰਹੱਦ ਦੇ ਦੋਹੇ ਪਾਸੇ ਵਸੇ ਪੰਜਾਬ ਦੇ ਵਸਨੀਕਾਂ ਦੀ ਆਪਸੀ ਸਾਂਝ ਦੀ ਕੜੀ ਗੁਰਾਂ ਦੀ ਸਿੱਖੀ ਅਤੇ ਇਸਲਾਮ ਦਾ ਸੂਫ਼ੀ ਰੂਪ ਹੈ ।ਪਰ ਪਦਾਰਥਵਾਦ ਦੇ ਇਸ ਯੁੱਗ ਵਿੱਚ ਦੋਹਾਂ ਪਾਸੇ ਦੇ ਪੰਜਾਬੀਆਂ ਦੇ ਨਿੱਜੀ ਜੀਵਨ ਇਹਨਾਂ ਮਹਾਨ ਫ਼ਲਸਫ਼ਿਆਂ ਤੋਂ ਵਿਹੂਣੇ ਹੁੰਦੇ ਜਾ ਰਹੇ ਹਨ ।ਪਰ ਪੰਜਾਬੀਆਂ ਦੀ ਸਮੂਹਿਕ ਮਾਨਸਿਕਤਾ ਅਜੇ ਵੀ ਗੁਰੂਆਂ ਅਤੇ ਪੀਰਾਂ-ਫ਼ਕੀਰਾਂ ਦੀਆਂ ਬਰਕਤਾਂ ਤੋਂ ਸੱਖਣੀ ਨਹੀਂ ਹੋਈ ਹੈ ।ਪੰਜਾਬ ਦੇ ਨਸਲੀ ਸੁਭਾਅ ਵਿੱਚ ਜਿੱਥੇ ਮਨੁੱਖੀ ਬਹਾਦਰੀ ਅਤੇ ਸੂਰਮਗਤੀ ਦੇ ਗੁਣ ਮੱਗਦੇ ਨਜ਼ਰ ਆਉਂਦੇ ਹਨ ਉੱਥੇ ਟੋਡੀਪੁਣੇ ,ਨਿੱਜਪ੍ਰਸਤੀ ਅਤੇ ਬੁਰਛਾਗਰਦੀ ਦੀਆਂ ਦਾਸਤਾਨਾਂ ਦੀ ਘਾਟ ਵੀ ਨਹੀ ਹੈ ।ਗੁਰਸਿੱਖੀ ਦੀ ਲਗਾਮ ਨੇ ਇਹਨਾਂ ਅੱਥਰੇ ਨਸਲੀ ਪੰਜਾਬੀ ਘੋੜਿਆਂ ਨੂੰ ਸੰਤ ਸਿਪਾਹੀਆਂ ਦੇ ਸਰੂਪ ਵਿੱਚ ਬਦਲ ਦਿੱਤਾ ਸੀ ।ਜਦੋ ਤੱਕ ਸਾਡਾ ਅੱਥਰਾ ਨਸਲੀ ਸੁਭਾਅ ਦੁਬਾਰਾ ਤੋ ਫਿਰ ਗੁਰਸਿੱਖ ਰੰਗ ਵਿੱਚ ਨਹੀ ਰੰਗਿਆ ਜਾਂਦਾ ,ਉਦੋਂ ਤੱਕ ਪੰਜਾਬ ਦੇ ਰਾਜਨੀਤਕ ਇਤਿਹਾਸ ਉੱਤੇ ਟੋਡੀਪੁਣੇ ,ਨਿੱਜਪ੍ਰਸਤੀ ਅਤੇ ਬੁਰਛਾਗਰਦੀ ਦੀ ਧੁੰਦ ਛਾਈ ਰਹੇਗੀ ।ਸਿੱਖਾਂ ਦੀ ਆਪਣੇ ਵਿਰਸੇ ਵੱਲ ਘਰ ਵਾਪਸੀ ਹੀ ਸਰਹੱਦੋ ਪਾਰ ਵੱਸਦੇ ਆਪਣੇ ਹਮਸਾਇਆ ਦੀ ਇਸਲਾਮ ਦੇ ਸੂਫ਼ੀਵਾਦ ਵੱਲ ਵਾਪਸੀ ਦਾ ਵਸੀਲਾ ਬਣੇਗੀ ।ਪਰ ਇਸ ਲਈ ਫਿਰ ਕਿਸੇ ਸ਼ੇਰੇ ਪੰਜਾਬ ਰਣਜੀਤ ਸਿੰਘ ਜਿਹੀ ਰੂਹ ਦੀ ਉਡੀਕ ਕਰਨੀ ਪਵੇਗੀ।

328 ਪਾਵਨ ਸਰੂਪਾਂ ਦੇ ਮਾਮਲੇ 'ਚ ਕੀਤੀ ਜਾ ਰਹੀ

# ਸਿਆਸਤ ਤੁਰੰਤ ਬੰਦ ਕੀਤੀ ਜਾਵੇ - ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ



**ਸ੍ਰੀ ਅੰਮ੍ਰਿਤਸਰ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 328 ਪਾਵਨ ਸਰੂਪਾਂ ਨਾਲ ਜੁੜੇ ਮਾਮਲੇ 'ਚ ਹੋ ਰਹੀ ਰਾਜਨੀਤੀ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਹੈ ਕਿ ਇਹ ਬਹੁਤ ਹੀ ਸੰਜੀਦਾ ਅਤੇ ਸੰਵੇਦਨਸ਼ੀਲ ਮਾਮਲਾ ਹੈ, ਜਿਸ 'ਚ ਕਿਸੇ ਵੀ ਤਰ੍ਹਾਂ ਦੀ ਸਿਆਸਤ ਪੰਥਕ ਮਰਯਾਦਾ ਦੇ ਖ਼ਿਲਾਫ਼ ਹੈ ਅਤੇ ਇਸਨੂੰ ਤੁਰੰਤ ਬੰਦ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ ਜੋਤ ਗੁਰੂ ਹਨ ਅਤੇ ਦੁਨੀਆ ਭਰ ਵਿੱਚ ਵੱਸਦਾ ਹਰ ਸਿੱਖ ਅਤੇ ਗੁਰੂ ਨਾਨਕ ਨਾਮ ਲੇਵਾ ਗੁਰੂ ਸਾਹਿਬ ਪ੍ਰਤੀ ਅਪਾਰ ਸ਼ਰਧਾ ਅਤੇ ਸਤਿਕਾਰ ਰੱਖਦਾ ਹੈ। ਪਾਵਨ ਸਰੂਪਾਂ ਨਾਲ ਸੰਬੰਧਿਤ ਮਾਮਲੇ ਨੂੰ ਰਾਜਨੀਤਕ ਲਾਭ ਲਈ ਵਰਤਣਾ ਪੰਥਕ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਬਰਾਬਰ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ 328 ਪਾਵਨ ਸਰੂਪਾਂ ਦੇ ਮਾਮਲੇ ਦੀ ਪੜਤਾਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ. ਈਸ਼ਰ ਸਿੰਘ ਦੀ ਅਗਵਾਈ ਹੇਠ ਪੜਤਾਲ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ ।ਕਮਿਸ਼ਨ ਦੀ ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਦਰਸਾਇਆ ਗਿਆ ਹੈ ਕਿ ਸਬੰਧਤ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪਾਵਨ ਸਰੂਪ ਸੰਗਤਾਂ ਨੂੰ ਦਿੱਤੇ ਗਏ, ਪਰ ਉਨ੍ਹਾਂ ਦੀ ਬਣਦੀ ਭੇਟਾ ਟਰਸਟ ਫੰਡਾਂ ਵਿੱਚ ਜਮ੍ਹਾਂ ਨਹੀਂ ਕਰਵਾਈ ਗਈ ਅਤੇ ਨਾ ਹੀ ਕੋਈ ਬਿੱਲ ਕੱਟੇ ਗਏ। ਇਹ ਮਾਮਲਾ ਕੁਝ ਭ੍ਰਿਸ਼ਟ ਮੁਲਾਜ਼ਮਾਂ ਵੱਲੋਂ ਪੈਸਿਆਂ ਦੇ ਘਪਲੇ ਨਾਲ ਜੁੜਿਆ ਹੋਇਆ ਹੈ।

**ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਕੇਵਲ ਬਣਦਾ ਸਹਿਯੋਗ ਦੇਣ ਸ਼੍ਰੋਮਣੀ ਕਮੇਟੀ ਪ੍ਰਧਾਨ - ਅਕਾਲ ਤਖ਼ਤ ਸਾਹਿਬ**

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਨਜ਼ੂਰ ਕੀਤੀ ਗਈ ਸ. ਈਸ਼ਰ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ 16 ਦੋਸ਼ੀਆਂ ਦੇ ਨਾਮ ਸਪੱਸ਼ਟ ਤੌਰ 'ਤੇ ਦਰਜ ਹਨ, ਜਿਨ੍ਹਾਂ ਨੂੰ ਦੋਸ਼ੀ ਮੰਨਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਭਾਗੀ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਯਾਦ ਦਿਵਾਇਆ ਕਿ 17 ਨਵੰਬਰ 2020 ਨੂੰ ਉਸ ਸਮੇਂ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਇਤਿਹਾਸਕ ਮੰਚ ਤੋਂ ਇਸ ਮਾਮਲੇ ਨੂੰ ਪ੍ਰਬੰਧਕੀ ਭ੍ਰਿਸ਼ਟਾਚਾਰ ਕਰਾਰ ਦਿੰਦਿਆਂ ਦੋਸ਼ੀ ਮੁਲਾਜ਼ਮਾਂ ਦੀ ਬਰਖਾਸਤਗੀ ਦੀ ਪੁਸ਼ਟੀ ਕੀਤੀ ਸੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਚੁਣੀ ਹੋਈ ਕੇਂਦਰੀ ਸੰਸਥਾ ਹੈ ਅਤੇ ਇਸ ਦੇ ਅਧਿਕਾਰ ਖੇਤਰ ਵਿੱਚ ਸਰਕਾਰੀ ਦਖ਼ਲ ਕਦੇ ਵੀ ਸਵੀਕਾਰ ਨਹੀਂ ਕੀਤਾ ਗਿਆ ਅਤੇ ਨਾ ਹੀ ਅੱਗੇ ਕੀਤਾ ਜਾਵੇਗਾ। ਹਾਲਾਂਕਿ, ਮੌਜੂਦਾ ਮਾਮਲੇ ਨੂੰ ਲੈ ਕੇ ਸੰਗਤਾਂ ਵਿੱਚ ਪੈਦਾ ਹੋ ਰਹੀ ਉਲਝਣ ਅਤੇ ਪੰਥਕ ਹਿਤਾਂ ਨੂੰ ਧਿਆਨ ਵਿੱਚ ਰੱਖਦਿਆਂ SGPC ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੂੰ ਅਧਿਕਾਰਤ ਕੀਤਾ ਗਿਆ ਹੈ ਕਿ ਉਹ ਕੇਵਲ 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਸਰਕਾਰ ਨੂੰ ਬਣਦਾ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜੇਕਰ ਜਾਂਚ ਦੌਰਾਨ ਸਰਕਾਰ ਨੂੰ SGPC ਪਾਸੋਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੀ ਲੋੜ ਪੈਂਦੀ ਹੈ ਤਾਂ ਉਹ SGPC ਦੇ ਚੰਡੀਗੜ੍ਹ ਸਥਿਤ ਸਬ-ਦਫ਼ਤਰ ਵਿੱਚ, SGPC ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਹਾਜ਼ਰੀ ਵਿੱਚ ਪ੍ਰਦਾਨ ਕੀਤੀ ਜਾਵੇਗੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਸ. ਈਸ਼ਰ ਸਿੰਘ ਪੜਤਾਲ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਚੌਥੇ ਭਾਗ ਦੇ ਪੰਨਾ ਨੰਬਰ 231 'ਤੇ ਸਪੱਸ਼ਟ ਤੌਰ 'ਤੇ ਲਿਖਿਆ ਹੈ ਕਿ ਕੋਈ ਵੀ ਰਾਜਨੀਤਕ ਪਾਰਟੀ ਇਸ ਮਾਮਲੇ ਤੋਂ ਸਿਆਸੀ ਲਾਭ ਉਠਾਉਣ ਦੀ ਕੋਸ਼ਿਸ਼ ਨਾ ਕਰੇ। ਅਜਿਹਾ ਕਰਨ ਵਾਲੀ ਕੋਈ ਵੀ ਧਿਰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਜਵਾਬਦੇਹ ਹੋਵੇਗੀ ਅਤੇ ਪੰਥ ਦੋਖੀ ਮੰਨੀ ਜਾਵੇਗੀ।

ਉਨ੍ਹਾਂ ਇਹ ਵੀ ਗੰਭੀਰ ਨੋਟਿਸ ਲਿਆ ਕਿ ਪਿਛਲੇ ਦਿਨਾਂ ਦੌਰਾਨ ਮੀਡੀਆ, ਸੋਸ਼ਲ ਮੀਡੀਆ ਅਤੇ ਵੈੱਬ ਚੈਨਲਾਂ 'ਤੇ ਕੁਝ ਬੁਲਾਰਿਆਂ ਅਤੇ ਬੁੱਧੀਜੀਵੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਅਣਉਚਿਤ ਅਤੇ ਅਦਬਹੀਣ ਸ਼ਬਦਾਵਲੀ ਵਰਤੀ ਜਾ ਰਹੀ ਹੈ, ਜੋ ਗੁਰਸਿੱਖਾਂ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ।

ਉਨ੍ਹਾਂ ਸਖ਼ਤ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਮਾਮਲੇ ਦੇ ਅੰਤਿਮ ਨਤੀਜੇ ਆਉਣ ਤੱਕ ਕੋਈ ਵੀ ਸਿਆਸੀ ਧਿਰ, ਸੰਸਥਾ, ਵਿਅਕਤੀ ਜਾਂ ਬੁਲਾਰਾ ਕਿਸੇ ਵੀ ਤਰ੍ਹਾਂ ਦੀ ਇਲਜ਼ਾਮਬਾਜ਼ੀ ਜਾਂ ਬਿਆਨਬਾਜ਼ੀ ਨਾ ਕਰੇ। ਜੇਕਰ ਇਸਦੇ ਬਾਵਜੂਦ ਅਜਿਹਾ ਕੀਤਾ ਗਿਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਗੁਰੂ ਕਾਸ਼ੀ ਯੂਨੀਵਰਸਿਟੀ ਨੇ ਮਨਾਇਆ "ਰਾਸ਼ਟਰੀ ਯੁਵਾ ਦਿਹਾੜਾ"




ਤਲਵੰਡੀ ਸਾਬੋ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਫਿਜ਼ੀਕਲ ਐਜੂਕੇਸ਼ਨ ਦੇ ਐਨ.ਐਸ.ਐਸ. ਯੂਨਿਟ ਵੱਲੋਂ ਇੰਸਟੀਚਿਊਟ ਇਨੋਵੇਸ਼ਨ ਕੌਂਸਲ ਦੇ ਸਹਿਯੋਗ ਨਾਲ ਰਾਸ਼ਟਰੀ ਯੁਵਾ ਦਿਹਾੜਾ ਜਾਗਰੂਕਤਾ ਰੈਲੀ ਕੱਢ ਕੇ ਮਨਾਇਆ ਗਿਆ। ਜਾਗਰੂਕਤਾ ਰੈਲੀ ਨੂੰ ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ ਤੇ ਐਨ.ਐਸ.ਐਸ. ਕੁਆਰਡੀਨੇਟਰ ਨਰਿੰਦਰ ਕੌਰ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਮੌਕੇ ਵਲੰਟੀਅਰਾਂ ਵੱਲੋਂ ਆਪਣੀ ਪ੍ਰਤਿਭਾ ਨੂੰ ਰਾਸ਼ਟਰ ਨਿਰਮਾਣ ਵਿੱਚ ਲਗਾਉਣ ਦਾ ਪ੍ਰਣ ਲਿਆ ਗਿਆ। ਡੀਨ ਡਾ. ਰਵੀ ਗਹਿਲਾਵਤ ਨੇ ਦੱਸਿਆ ਕਿ ਯੁਵਾ ਸ਼ਕਤੀ ਰਾਸ਼ਟਰ ਦਾ ਭਵਿੱਖ ਹੁੰਦੀ ਹੈ। ਇਸ ਲਈ ਭਾਰਤ ਦੇ ਵਿਕਾਸ ਅਤੇ ਇਸ ਨੂੰ ਬੁਲੰਦੀ ਦੀਆਂ ਸਿਖਰਾਂ ਤੇ ਪਹੁੰਚਾਉਣ ਲਈ ਨੌਜਵਾਨ ਵਰਗ ਦਾ ਯੋਗਦਾਨ ਜ਼ਰੂਰੀ ਹੈ। ਉਨ੍ਹਾਂ ਐਨ.ਐਸ.ਐਸ. ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਵਰਗ ਕੋਲ ਨਵੀਂ ਸੋਚ ਅਤੇ ਅਥਾਹ ਸ਼ਕਤੀ ਹੈ ਜਿਸ ਸਦਕਾ ਉਹ ਦੇਸ਼ ਨੂੰ ਤਰੱਕੀ ਵੱਲ ਲੈ ਕੇ ਜਾ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਆਪਣੀ ਸੋਚ ਨੂੰ ਸਕਾਰਾਤਮਕ ਰੱਖ ਕੇ ਮਿਹਨਤ ਨਾਲ ਦੇਸ਼ ਦੇ ਹਿੱਤ ਲਈ ਕਾਰਜ ਕਰਨ ਵਾਸਤੇ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੂੰ ਦੇਸ਼ ਵਿੱਚ ਫੈਲੀਆਂ ਕੁਰੀਤੀਆਂ ਅਤੇ ਅੰਧ ਵਿਸ਼ਵਾਸਾਂ ਨੂੰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਵਾਸਤੇ ਕਿਹਾ ਗਿਆ। ਉਨ੍ਹਾਂ ਸਮਾਜ ਵਿੱਚ ਫੈਲ ਰਹੀ ਨਸ਼ੇ ਦੀ ਬਿਮਾਰੀ ਨੂੰ ਖਤਮ ਕਰਨ ਲਈ ਜਾਗਰਕੂਤਾ ਮੁਹਿੰਮ ਚਲਾਉਣ ਦੀ ਗੱਲ ਕੀਤੀ ਅਤੇ ਗਿਆਨ ਵਧਾਊ ਗਤੀਵਿਧੀਆਂ 'ਚ ਸਰਗਰਮੀ ਨਾਲ ਭਾਗ ਲੈਣ ਦਾ ਸੁਨੇਹਾ ਵੀ ਦਿੱਤਾ।

# ਸੀਨੀਅਰ ਮੀਤ ਪ੍ਰਧਾਨ ਬਣਨ 'ਤੇ ਸ. ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦਾ ਤਹਿ ਦਿਲੋਂ ਧੰਨਵਾਦ



**ਮੁੰਬਈ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ: ਸ਼੍ਰੋਮਣੀ ਅਕਾਲੀ ਦਲ ਦੇ ਨਵ-ਨਿਯੁਕਤ ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਜ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਲੀਡਰਸ਼ਿਪ ਅਤੇ ਗਿਆਨੀ ਜੀ ਨੇ ਉਨ੍ਹਾਂ ਦੀਆਂ ਪੰਥਕ ਸੇਵਾਵਾਂ 'ਤੇ ਜੋ ਭਰੋਸਾ ਜਤਾਇਆ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਅਤੇ ਨਿਸ਼ਕਾਮ ਭਾਵਨਾ ਨਾਲ ਨਿਭਾਉਣਗੇ। ਸ. ਪੀਰ ਮੁਹੰਮਦ ਨੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ: ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਰਿਣੀ ਹਾਂ, ਜਿਨ੍ਹਾਂ ਦੀ ਰਹਿਨੁਮਾਈ ਹੇਠ ਮੈਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਇਹ ਅਹਿਮ ਸੇਵਾ ਨਿਭਾਉਣ ਦਾ ਮੌਕਾ ਮਿਲਿਆ ਹੈ। ਗਿਆਨੀ ਜੀ ਦੀ ਦੂਰਅੰਦੇਸ਼ ਸੋਚ ਸਦਕਾ ਅੱਜ ਪੰਥਕ ਸਫ਼ਾਂ ਵਿੱਚ ਇੱਕ ਨਵੀਂ ਊਰਜਾ ਦੇਖਣ ਨੂੰ ਮਿਲ ਰਹੀ ਹੈ। ਅਸੀਂ ਰਲ ਕੇ ਪੰਜਾਬ, ਪੰਥ ਅਤੇ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਕਰਾਂਗੇ।"

ਬਿਆਨ ਦੇ ਮੁੱਖ ਨੁਕਤੇ: * ਪੰਥਕ ਏਕਤਾ: ਸ. ਪੀਰ ਮੁਹੰਮਦ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਕੋਸ਼ਿਸ਼ ਗਿਆਨੀ ਜੀ ਦੇ ਮਾਰਗਦਰਸ਼ਨ ਹੇਠ ਪੰਥਕ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣਾ ਹੋਵੇਗੀ।

* ਬੰਦੀ ਸਿੰਘਾਂ ਦੀ ਰਿਹਾਈ: "ਅਸੀਂ ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਮੌਜੂਦਾ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ (ਖਡੂਰ ਸਾਹਿਬ) ਸਮੇਤ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਨੂੰ ਪਹਿਲ ਦੇ ਆਧਾਰ 'ਤੇ ਉਠਾਵਾਂਗੇ।"

ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਅਖੀਰ ਵਿੱਚ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਮੁੱਖ ਸੁਪਨਾ ਹੈ, ਜਿਸ ਨੂੰ ਅਸੀਂ ਹਰ ਹਾਲ ਵਿੱਚ ਪੂਰਾ ਕਰਾਂਗੇ।

## ਬੈਂਤ ਛੰਦ !

1
ਨੌਵੇਂ ਪਾਤਸ਼ਾਹ ਮਹਿਮਾ ਅਪਾਰ ਤੇਰੀ, ਤੇਰੇ ਜਿਹਾ ਨਾ ਦੀਨ ਦਿਆਲ ਕੋਈ।
ਜਿਹੜੇ ਪਰਉਪਕਾਰ ਦੇ ਕੰਮ ਕੀਤੇ,ਐਸੀ ਮਿਲੇ ਨਾ ਕਿਤੋਂ ਮਿਸਾਲ ਕੋਈ।
ਕੀਤੀ ਘੋਰ ਤਪੱਸਿਆ ਬਾਲ-ਉਮਰੇ, ਬੈਠਾ ਭੋਰੇ ਵਿੱਚ ਗੁਰੂ ਦਾ ਲਾਲ ਕੋਈ।
ਕੀਤੀ ਬੰਦਗੀ ਬੈਠ ਪ੍ਰਮਾਤਮਾ ਦੀ,ਦੁਨੀਆਂ ਦਾਰੀ ਦਾ ਨਹੀਂ ਸੀ ਖ਼ਿਆਲ ਕੋਈ।

2
ਮੱਖਣ ਸ਼ਾਹ ਲੁਬਾਣੇ ਨੇ ਯਾਦ ਕੀਤਾ,ਬੇੜਾ ਡੁੱਬਦਾ ਪਾਰ ਲਗਾਉਣ ਦੇ ਲਈ।
ਹੱਥ ਜੋੜ ਕੇ ਕਰੀ ਫ਼ਰਿਆਦ ਤੈਨੂੰ,ਜਿੰਦ ਜਾਨ ਤੇ ਮਾਲ ਬਚਾਉਣ ਦੇ ਲਈ।
ਮੋਹਰਾਂ ਪੰਜ ਸੌ ਸੁੱਖ ਕੇ ਪ੍ਰਣ ਕੀਤਾ,ਤੇਰੇ ਦਰ 'ਤੇ ਭੇਟਾ ਚੜ੍ਹਾਉਣ ਦੇ ਲਈ।
ਮੋਢਾ ਦੇ ਲਿਆ ਝੱਟ ਫ਼ਰਿਆਦ ਸੁਣ ਕੇ,ਬੇੜਾ ਪਾਰ ਕਿਨਾਰੇ 'ਤੇ ਲਾਉਣ ਦੇ ਲਈ।

3
ਮੱਖਣ ਸ਼ਾਹ ਬਕਾਲੇ. ਗਰਾਮ ਆ ਕੇ, ਤਾਰਨਹਾਰੇ ਦੀ ਫਿਰੇ ਤਲਾਸ਼ ਕਰਦਾ।
ਬਾਈ ਗੁਰੂ ਸਨ ਗੱਦੀਆਂ ਲਾਈ ਬੈਠੇ, ਕਿਹੜੇ ਗੁਰੂ ਨੂੰ ਭੇਟਾ ਅਰਦਾਸ ਕਰਦਾ ?
ਮੋਹਰਾਂ ਪੰਜ-ਪੰਜ ਰੱਖ ਤਮਾਮ ਅੱਗੇ,ਸੱਚੇ ਗੁਰੂ ਦੇ ਮਿਲਣ ਦੀ ਆਸ ਕਰਦਾ।
ਦੁੱਬਦਾ ਭਾਵਨਾ ਵਿੱਚ ਨਿਰਾਸ ਹੋਇਆ ,ਅੰਤਰ ਆਤਮੇ ਚਿੱਤ ਉਦਾਸ ਕਰਦਾ।

4
ਪੁੱਛਣ ਲੱਗਿਆ ਨੱਗਰ ਨਿਵਾਸੀਆਂ ਨੂੰ, ਇੱਥੇ ਹੋਰ ਵੀ ਰਹਿੰਦੈ ਫ਼ਕੀਰ ਕੋਈ ?
ਕਹਿੰਦੇ ਭੋਰੇ ਦੇ ਵਿੱਚ ਨਿਵਾਸ ਕਰਦੈ,ਸਿੱਧਾ ਸਾਦਾ ਤੇ ਗਹਿਰ ਗੰਭੀਰ ਕੋਈ।
ਆਸਾ ਰੱਖ ਕੇ ਤੁਰ ਪਿਆ ਦਰਸ਼ਨਾਂ ਨੂੰ,ਬੈਠਾ ਮਿਲ ਗਿਆ ਪੀਰਾਂ ਦਾ ਪੀਰ ਕੋਈ।
ਮੱਥਾ ਟੇਕਿਆ ਰੱਖ ਕੇ ਪੰਜ ਮੋਹਰਾਂ, ਮਿਲ ਗਿਆ ਸੋਚਦੈ ਗੁਰੂ ਅਖ਼ੀਰ ਕੋਈ।

5
ਗੁਰੂ ਪਾਤਸ਼ਾਹ ਦੇਖ ਕੇ ਕਹਿਣ ਲੱਗੇ,ਕੀਤੇ ਬਚਨ ਬਿਲਾਸ ਨਾ ਭੁੱਲ ਭਾਈ।
ਬਿਪਤਾ ਪੈਣ 'ਤੇ ਪੰਜ ਸੌ ਸੁੱਖੀਆਂ ਸੀ, ਦੇਣ ਲੱਗਿਐਂ ਪੰਜ ਹੁਣ ਕੁੱਲ ਭਾਈ।
ਮੋਢਾ ਦੇਖ ਲੈ ਪਿਆਰਿਆ ਕੋਲ਼ ਹੋ ਕੇ, ਰਕਤ ਅਜੇ ਵੀ ਰਿਹਾ ਏ ਡੁੱਲ੍ਹ ਭਾਈ।
ਬੇੜਾ ਵਿੱਚ ਦਰਿਆ ਜੇ ਗ.ਰਕ ਜਾਂਦਾ, ਮਾਲ ਲੱਖਾਂ ਦਾ ਹੋਣਾ ਸੀ ਗੁੱਲ ਭਾਈ।

6
ਭਾਵੁਕ ਹੋ ਗਿਆ ਗੁਰੂ ਦੀ ਗੱਲ ਸੁਣ ਕੇ, ਹੰਝੂ ਨੇਤਰਾਂ ਵਿੱਚੋਂ ਵਹਾਉਣ ਲੱਗਾ।
ਥੈਲੀ ਰੱਖ ਕੇ ਮੋਹਰਾਂ ਦੀ ਭੇਟ ਅੱਗੇ,ਕੀਤੇ ਆਪਣੇ ਬਚਨ ਪੁਗਾਉਣ ਲੱਗਾ।
ਹੋਕਾ ਦੇਣ ਲਈ ਚੜ੍ਹ ਗਿਆ ਛੱਤ ਉੱਤੇ, ਗੁਰੂ ਮਿਲ ਗਿਆ ਆਖ ਸੁਣਾਉਣ ਲੱਗਾ।
ਵਖ਼ਤ ਪੈ ਗਿਆ ਗੱਦੀਆਂ ਵਾਲ਼ਿਆਂ ਨੂੰ, ਜਦੋਂ ਸੱਚ ਦੀ ਬਾਤ ਬਤਾਉਣ ਲੱਗਾ।

7
ਲੈ ਕੇ ਜਥਾ ਕਸ਼ਮੀਰ ਦੇ ਪੰਡਤਾਂ ਦਾ,ਕਿਰਪਾ ਰਾਮ ਅਨੰਦਪੁਰ ਆਇਆ ਸੀ।
ਖ਼ਤਰੇ ਵਿਚ ਹੈ ਗੁਰੂ ਜੀ ਧਰਮ ਸਾਡਾ,ਤੈਨੂੰ ਆਪਣਾ ਦੁੱਖ ਸੁਣਾਇਆ ਸੀ।
ਹੱਥ ਜੋੜ ਕੇ ਸਾਰਿਆਂ ਪੰਡਤਾਂ ਨੇ,ਰੱਖਿਆ ਕਰਨ ਦਾ ਵਾਸਤਾ ਪਾਇਆ ਸੀ।
ਹੋਰ ਨਹੀਂ ਸੀ ਕੋਈ ਬਚਾਉਣ ਜੋਗਾ,ਤੇਰੇ ਦਰ ਦਾ ਕੁੰਡਾ ਖ਼ੜਕਾਇਆ ਸੀ।

8
ਸੁਣ ਕੇ ਬੇਨਤੀ ਬਿੱਪਰ ਵਿਚਾਰਿਆਂ ਦੀ,ਸੋਚਣ ਲੱਗੇ ਸੀ ਏਸ ਦਾ ਹੱਲ ਕੋਈ।
ਪੁੱਛਣ ਲੱਗ ਪਏ ਬਾਲ ਗੋਬਿੰਦ ਰਾਏ, ਇਨ੍ਹਾਂ ਦੱਸੀਐ ਦੁੱਖ ਦੀ ਗੱਲ ਕੋਈ ?
ਕਹਿੰਦੇ ਦੱਸਿਐ ਦੁੱਖ ਪਹਾੜ ਜਿੱਡਾ,ਮਹਾਂ ਪੁਰਸ਼ ਹੀ ਪਾਊਗਾ ਠੱਲ੍ਹ ਕੋਈ।
ਗੋਬਿੰਦ ਰਾਏ ਨੇ ਫੇਰ ਸਵਾਲ ਕੀਤਾ,ਤੁਸਾਂ ਨਾਲੋਂ ਵੀ ਹੈ ਪ੍ਰਬੱਲ ਕੋਈ ।

9
ਸੁਣਕੇ ਗੱਲ ਫਰਜ਼ੰਦ ਦੀ ਗੁਰੂ ਜੀ ਨੇ, ਦੁੱਖ ਪੰਡਤਾਂ ਦਾ ਝੋਲੀ. ਪਾਇਆ ਸੀ।
ਕਰਨੀ ਰੱਖਿਆ ਤੁਸਾਂ ਦੀ ਫਰਜ਼ ਮੇਰਾ,ਜਾਓ ਘਰਾਂ ਨੂੰ ਆਖ ਸੁਣਾਇਆ ਸੀ।
ਈਨ ਮੰਨਣੀ ਨਹੀਂ ਮੌਲਾਣਿਆਂ ਦੀ,
"ਰੂਪ" ਜਾਂਦਿਆਂ ਤਾਂਈ ਸਮਝਾਇਆ ਸੀ।
ਹਿੰਦੂ ਕੌਮ ਦੇ ਧਰਮ ਦੀ ਰੱਖਿਆ ਲਈ,
ਸੀਸ ਚਾਂਦਨੀ ਚੌਂਕ ਕਟਵਾਇਆ ਸੀ।

**-ਰੂਪ ਸਿੰਘ ਨੰਗਲਾ, ਸਾਬਕਾ ਥਾਣੇਦਾਰ**



# ਉਸਾਰੂ ਸਾਹਿਤ ਲਈ ਪੜ੍ਹਨਾ ਬੇਹੱਦ ਜ਼ਰੂਰੀ: ਸਰਬਜੀਤ ਕੌਰ ਢਿੱਲੋਂ



**ਭਵਾਨੀਗੜ੍ਹ (ਰਣਜੀਤ ਸਿੰਘ ਪੇਧਨੀ )**-ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਭਵਾਨੀਗੜ੍ਹ ਵਿਖੇ ਉੱਘੀ ਲੇਖਕਾ ਸਰਬਜੀਤ ਕੌਰ ਢਿੱਲੋਂ ਨਾਲ ਰੂਬਰੂ ਸਮਾਗਮ ਰਚਾਇਆ ਗਿਆ ਜਿਸ ਵਿੱਚ ਉਹਨਾਂ ਨੇ ਆਪਣੀ ਲਿਖਣ ਕਲਾ ਅਤੇ ਜੀਵਨ ਦੀਆਂ ਤਲਖ ਹਕੀਕਤਾਂ ਨੂੰ ਬੜੀ ਬੇਬਾਕੀ ਨਾਲ ਬਿਆਨ ਕੀਤਾ ਅਤੇ ਕਿਹਾ ਕਿ ਔਰਤ ਲਈ ਸਾਹਿਤ ਸਿਰਜਣਾ ਕਿਸੇ ਸੁਫਨੇ ਨੂੰ ਪੂਰਾ ਕਰਨ ਤੋਂ ਘੱਟ ਨਹੀਂ। ਦੁੱਲਾ ਭੱਟੀ ਨੂੰ ਸਮਰਪਿਤ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ੍ਰੀ ਮੂਲ ਚੰਦ ਸ਼ਰਮਾ ਵੱਲੋਂ ਕੀਤੀ ਗਈ। ਹਰਫਾਂ ਦੀ ਲੋਅ ਪੰਜਾਬੀ ਸਾਹਿਤਕ ਸੱਥ ਦੇ ਪ੍ਰਧਾਨ ਸਰਬਜੀਤ ਕੌਰ ਢਿੱਲੋਂ ਨੇ ਆਪਣੇ ਕਾਵਿ-ਸੰਗ੍ਰਹਿ 'ਵੇਸਵਾ ਦੀ ਧੀ' ਅਤੇ ਇੱਕ ਨਾਵਲ 'ਸਧਰਾਂ ਦਾ ਕੁੱਜਾ' ਨਾਲ ਪੰਜਾਬੀ ਮਾਂ ਬੋਲੀ ਨੂੰ ਹੋਰ ਅਮੀਰ ਕੀਤਾ ਹੈ। ਉਹਨਾਂ ਨੇ ਆਪਣੀ ਆਉਣ ਵਾਲੀ ਗੀਤਾਂ ਦੀ ਕਿਤਾਬ 'ਬਾਪੂ ਦਾ ਮੁੜਕਾ' ਦਾ ਵੀ ਉਚੇਚੇ ਤੌਰ ਤੇ ਜ਼ਿਕਰ ਕੀਤਾ। ਇਸ ਮੌਕੇ ਇੱਕ ਵਿਸ਼ਾਲ ਕਵੀ ਦਰਬਾਰ ਵੀ ਹੋਇਆ ਜਿਸ ਦੀ ਸ਼ੁਰੂਆਤ ਸੰਦੀਪ ਬਖੋਪੀਰ ਨੇ ਕੀਤੀ ਅਤੇ ਦੁੱਲਾ ਭੱਟੀ ਦੇ ਸੰਘਰਸ਼ੀ ਜੀਵਨ ਬਾਰੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਦੁੱਲੇ ਵੱਲੋਂ ਜਾਬਰ ਹਕੂਮਤਾਂ ਖਿਲਾਫ ਛੇੜਿਆ ਸੰਘਰਸ਼ ਅੱਜ ਤੀਕ ਨਿਰੰਤਰ ਜਾਰੀ ਹੈ। ਇਸ ਉਪਰੰਤ ਜਗਤਾਰ ਸਿੰਘ ਸਕਰੌਦੀ, ਬਲਜੀਤ ਸਿੰਘ ਬਾਂਸਲ, ਸ਼ਸ਼ੀ ਬਾਲਾ, ਅਮਨਦੀਪ ਕੌਰ ਕਾਕੜਾ, ਚਰਨਜੀਤ ਪਟਵਾਰੀ, ਉਮੇਸ਼ ਕੁਮਾਰ ਘਈ, ਪ੍ਰਕਾਸ਼ਦੀਪ ਸਿੰਘ ਬਖੋਪੀਰ, ਪੰਮੀ ਫੱਗੂਵਾਲੀਆ, ਗੋਪਾਲ ਕ੍ਰਿਸ਼ਨ ਸ਼ਰਮਾ, ਗਿਆਨ ਸਿੰਘ, ਹਰਪਾਲ ਸਿੰਘ, ਰਘਬੀਰ ਸਿੰਘ ਆਦਿ ਸ਼ਾਇਰਾਂ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਨਾਲ਼ ਹਾਜ਼ਰੀ ਲਗਵਾਈ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਅਦਾਕਾਰ ਰਾਜੀਵ ਜਿੰਦਲ ਨੇ ਵੀ ਹਾਜ਼ਰੀ ਲਵਾਈ ਅਤੇ ਦੱਸਿਆ ਕਿ ਉਹਨਾਂ ਦੀ ਫਿਲਮ 'ਮਕੋਕਾ' cable A OTT app ਤੇ ਆ ਰਹੀ ਹੈ ਜਿਸ ਵਿੱਚ ਬਲਵਿੰਦਰ ਬੋਲਟ ਨੇ ਮੁੱਖ ਭੂਮਿਕਾ ਨਿਭਾਈ ਹੈ ਅਤੇ ਉਸ ਦਾ ਵੀ ਇਸ ਵਿੱਚ ਇੱਕ ਵਧੀਆ ਰੋਲ ਹੈ। ਇਸ ਤੋਂ ਬਿਨਾਂ ਨੰਨੇ ਮੁੰਨੇ ਕਲਾਕਾਰਾਂ ਖੁਸ਼ਲੀਨ ਸ਼ਰਮਾ, ਲਕਸ਼ਿਤਾ ਸ਼ਰਮਾ ਅਤੇ ਭਗਤ ਸਿੰਘ ਨੇ ਆਪਣੀਆਂ ਇਨਕਲਾਬੀ ਲਿਖਤਾਂ ਨਾਲ ਸਰੋਤਿਆਂ ਨੂੰ ਝੂਮਣ ਲਗਾ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਮੂਲ ਚੰਦ ਸ਼ਰਮਾ ਨੇ ਨਵੇਂ ਲੇਖਕਾਂ ਨੂੰ ਜਨੂੰਨ ਦੀ ਹੱਦ ਤੱਕ ਜਾ ਕੇ ਆਪਣੇ ਸੁਫਨੇ ਪੂਰੇ ਕਰਨ ਲਈ ਪ੍ਰੇਰਤ ਕੀਤਾ। ਮੰਚ ਦੇ ਜਨਰਲ ਸਕੱਤਰ ਗੁਰਜੰਟ ਬੀਂਬੜ ਨੇ ਲੇਖਕਾਂ ਨੂੰ ਬੇਨਤੀ ਕੀਤੀ ਕਿ ਆਪਣੀਆਂ ਨਵੀਆਂ ਕਿਤਾਬਾਂ ਸਾਹਿਤ ਸਿਰਜਣਾ ਮੰਚ ਨੂੰ ਭੇਜਣ ਤਾਂ ਕਿ ਮੰਚ ਦੇ ਸਲਾਨਾ ਪ੍ਰੋਗਰਾਮ ਵਿੱਚ ਵਧੀਆ ਕਿਤਾਬਾਂ ਦੇ ਲੇਖਕਾਂ ਨੂੰ ਸਨਮਾਨਿਤ ਕੀਤਾ ਜਾ ਸਕੇ। ਅੰਤ ਵਿੱਚ ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਦੇ ਪ੍ਰਧਾਨ ਕੁਲਵੰਤ ਖਨੌਰੀ ਵੱਲੋਂ ਸਮਾਗਮ ਵਿੱਚ ਸ਼ਮੂਲੀਅਤ ਲਈ ਹਾਜ਼ਰ ਹੋਏ ਲੇਖਕਾਂ, ਪਾਠਕਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਪੁਲਿਸ ਨੇ ਵਲਟੋਹਾ ਸਰਪੰਚ ਦੇ ਕਤਲ ਦੀ ਗੁੱਥੀ ਸੁਲਝਾਈ

# ਦੋ ਸ਼ੂਟਰਾਂ ਸਮੇਤ ਸੱਤ ਗ੍ਰਿਫਤਾਰ




**ਚੰਡੀਗੜ੍ਹ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਵਲਟੋਹਾ ਦੇ ਸਾਬਕਾ ਸਰਪੰਚ ਝਰਮਲ ਸਿੰਘ ਦੇ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ, ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਪ੍ਰਭ ਦਾਸੂਵਾਲ ਗੈਂਗ ਦੇ ਦੋ ਸ਼ੂਟਰਾਂ ਸਮੇਤ ਸੱਤ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਜਾਂਚ ਮੁਤਾਬਕ ਇਸ ਕਤਲ ਦਾ ਮਾਸਟਰਮਾਈਂਡ ਗੈਂਗਸਟਰ ਪ੍ਰਭ ਦਾਸੂਵਾਲ ਹੈ ਜਿਸ ਨੇ ਪੁਰਾਣੀ ਦੁਸ਼ਮਣੀ ਦੇ ਚਲਦਿਆਂ ਯੋਜਨਾਬੱਧ ਅਤੇ ਟੀਚਾਗਤ ਢੰਗ ਨਾਲ ਇਸ ਕਤਲ ਨੂੰ ਅੰਜ਼ਾਮ ਦਿੱਤਾ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੁਖਰਾਜ ਸਿੰਘ ਉਰਫ਼ ਗੂੰਗਾ (20) ਵਾਸੀ ਠੱਕਰਪੁਰਾ, ਤਰਨਤਾਰਨ; ਕਰਮਜੀਤ ਸਿੰਘ (23) ਵਾਸੀ ਪਿੰਡ ਪੱਸਨਾਵਾਲ, ਗੁਰਦਾਸਪੁਰ; ਜੋਬਨਪ੍ਰੀਤ ਸਿੰਘ (19) ਵਾਸੀ ਪਿੰਡ ਭਾਈ ਲੱਧੂ, ਤਰਨਤਾਰਨ; ਹਰਪ੍ਰੀਤ ਸਿੰਘ ਉਰਫ਼ ਹੈਪੀ (27) ਵਾਸੀ ਪਿੰਡ ਬਹਾਦਰ ਨਗਰ, ਤਰਨਤਾਰਨ; ਜੋਬਨਪ੍ਰੀਤ ਸਿੰਘ (20), ਕੁਲਵਿੰਦਰ ਸਿੰਘ ਉਰਫ਼ ਕਿੰਦਾ (20) ਅਤੇ ਅਰਮਾਨਦੀਪ ਸਿੰਘ (18) ਤਿੰਨੋਂ ਵਾਸੀ ਪਿੰਡ ਕਲਸੀਆਂ ਕਲਾਂ, ਤਰਨਤਾਰਨ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸੁਖਰਾਜ ਸਿੰਘ ਉਰਫ਼ ਗੂੰਗਾ ਅਪਰਾਧਿਕ ਪਿਛੋਕੜ ਵਾਲਾ ਮੁਲਜ਼ਮ ਹੈ ਅਤੇ ਉਸ ਵਿਰੁੱਧ ਚੋਰੀ ਅਤੇ ਅਸਲਾ ਐਕਟ ਦੇ ਮਾਮਲੇ ਦਰਜ ਹਨ ਅਤੇ ਉਹ ਸਰਪੰਚ ਰਾਜਵਿੰਦਰ ਸਿੰਘ ਉਰਫ਼ ਰਾਜ ਕਤਲ ਕੇਸ ਵਿੱਚ ਵੀ ਸ਼ਾਮਲ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਗੈਂਗਸਟਰ ਪ੍ਰਭ ਦਾਸੂਵਾਲ ਦੀ ਮ੍ਰਿਤਕ ਸਾਬਕਾ ਸਰਪੰਚ ਨਾਲ ਪੁਰਾਣੀ ਦੁਸ਼ਮਣੀ ਸੀ ਅਤੇ ਉਸ ਨੇ ਪਹਿਲਾਂ ਵੀ ਉਸ 'ਤੇ ਗੋਲੀਬਾਰੀ ਕੀਤੀ ਸੀ, ਜੋ ਸਪੱਸ਼ਟ ਤੌਰ 'ਤੇ ਯੋਜਨਾਬੱਧ ਅਤੇ ਚੰਗੀ ਤਰ੍ਹਾਂ ਰਚੀ ਗਈ ਸਾਜ਼ਿਸ਼ ਵੱਲ ਸੰਕੇਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਕੇਸ ਨੂੰ ਪਹਿਲ ਦੇ ਆਧਾਰ 'ਤੇ ਸੁਲਝਾਇਆ ਗਿਆ ਅਤੇ ਇਸ ਕਤਲ ਦੀ ਜਾਂਚ ਲਈ ਕਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਤਕਨੀਕੀ ਨਿਗਰਾਨੀ ਅਤੇ ਖੁਫੀਆ ਜਾਣਕਾਰੀ ਨਾਲ ਕੀਤੀ ਜਾਂਚ ਸਦਕਾ ਪੁਲਿਸ ਟੀਮਾਂ ਨੇ ਅਪਰਾਧ ਵਿੱਚ ਸ਼ਾਮਲ ਦੋਵੇਂ ਸ਼ੂਟਰਾਂ ਸੁਖਰਾਜ ਸਿੰਘ ਉਰਫ਼ ਗੂੰਗਾ ਅਤੇ ਕਰਮਜੀਤ ਸਿੰਘ ਦੀ ਪਛਾਣ ਕੀਤੀ। ਉਨ੍ਹਾਂ ਕਿਹਾ ਕਿ ਲਗਾਤਾਰ ਅੰਤਰ-ਰਾਜੀ ਤਾਲਮੇਲ, ਖੁਫੀਆ ਏਜੰਸੀ ਦੀ ਅਗਵਾਈ ਵਾਲੀ ਟ੍ਰੈਕਿੰਗ ਅਤੇ ਕੇਂਦਰੀ ਏਜੰਸੀਆਂ ਅਤੇ ਛੱਤੀਸਗੜ੍ਹ ਪੁਲਿਸ ਦੇ ਨਜ਼ਦੀਕੀ ਸਹਿਯੋਗ ਸਦਕਾ ਦੋਵਾਂ ਸ਼ੂਟਰਾਂ ਨੂੰ ਰਾਏਪੁਰ, ਛੱਤੀਸਗੜ੍ਹ ਤੋਂ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਦੋਵੇਂ ਦੋਸ਼ੀ ਮਹਾਰਾਸ਼ਟਰ, ਦਿੱਲੀ, ਬਿਹਾਰ, ਪੰਜਾਬ ਅਤੇ ਛੱਤੀਸਗੜ੍ਹ ਸਮੇਤ ਕਈ ਰਾਜਾਂ ਵਿੱਚ ਜਾਣਬੁੱਝ ਕੇ ਟਿਕਾਣੇ ਬਦਲ ਰਹੇ ਸਨ ਅਤੇ ਆਪਣੀ ਪਛਾਣ ਛੁਪਾਉਣ ਅਤੇ ਪੁਲਿਸ ਦੀ ਗ੍ਰਿਫ਼ਤਾਰੀ ਤੋਂ ਬਚਣ ਲਈ ਜਾਅਲੀ ਆਧਾਰ ਕਾਰਡਾਂ ਦੀ ਵਰਤੋਂ ਕਰ ਰਹੇ ਸਨ। ਡੀਜੀਪੀ ਨੇ ਦੱਸਿਆ ਕਿ ਇੱਕ ਹੋਰ ਪੁਲਿਸ ਟੀਮ ਨੇ ਐਸਐਸਓਸੀ ਮੋਹਾਲੀ ਦੀ ਮਦਦ ਨਾਲ ਦੋ ਹੋਰ ਮੁਲਜ਼ਮਾਂ (ਦੋਵਾਂ ਦਾ ਨਾਂ ਜੋਬਨਪ੍ਰੀਤ ਸਿੰਘ ਹੈ) ਨੂੰ ਮੋਹਾਲੀ ਤੋਂ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਰਪ੍ਰੀਤ ਸਿੰਘ ਉਰਫ ਹੈਪੀ ਨੂੰ ਵਲਟੋਹਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜਦਕਿ ਕੁਲਵਿੰਦਰ ਸਿੰਘ ਉਰਫ ਕਿੰਦਾ ਅਤੇ ਅਰਮਾਨਦੀਪ ਸਿੰਘ ਨੂੰ ਤਰਨਤਾਰਨ

**ਕਤਲ ਦੇ ਮਾਸਟਰਮਾਈਂਡ ਵਜੋਂ ਗੈਂਗਸਟਰ ਪ੍ਰਭ ਦਾਸੂਵਾਲ ਦੀ ਭੂਮਿਕਾ ਆਈ ਸਾਹਮਣੇ, ਪੁਰਾਣੀ ਦੁਸ਼ਮਣੀ ਦੇ ਚਲਦਿਆਂ ਕਤਲ ਨੂੰ ਦਿੱਤਾ ਅੰਜ਼ਾਮ: ਡੀਜੀਪੀ ਗੌਰਵ ਯਾਦਵ**



ਆਵਾਜ਼ਿ ਕੌਮ AWAZE QAUM International Newspaper & WEB TV

# ਸਾਇਬਰ ਗਰੂਮਿੰਗ



**21ਵੀਂ ਸਦੀ** ਦੇ ਯੁੱਗ ਵਿੱਚ ਦੁਨੀਆ ਵਿੱਚ ਡਿਜ਼ੀਟਲ ਤਰੱਕੀ ਤੇਜ਼ੀ ਨਾਲ ਹੋ ਰਹੀ ਹੈ । ਬੱਚੇ ਅਤੇ ਨੌਜਵਾਨ ਅੱਜ ਕਲ੍ਹ ਡਿਜ਼ੀਟਲ ਦੁਨੀਆਂ ਜੁੜੇ ਹੋਏ ਹਨ। ਸਾਇਬਰ ਗਰੂਮਿੰਗ ਦੇ ਫੈਲਾਅ ਨੇ ਇੱਕ ਮਹੱਤਵਪੂਰਨ ਖ਼ਤਰੇ ਨੂੰ ਉਭਾਰਿਆ ਹੈ ।ਸਾਇਬਰ ਗਰੂਮਿੰਗ ਦਾ ਮਤਲਬ ਹੈ ਉਹ ਪ੍ਰਕਿਰਿਆ ਜਿਸ ਵਿੱਚ ਇੱਕ ਵਿਅਕਤੀ ਇੰਟਰਨੈੱਟ ਦੀ ਵਰਤੋਂ ਕਰਕੇ ਇੱਕ ਨਾਬਾਲਗ ਨਾਲ ਭਾਵਨਾਤਮਕ ਸੰਪਰਕ ਬਣਾਉਂਦਾ ਹੈ ਅਤੇ ਇਸ ਵਿੱਚ ਉਸ ਦਾ ਇਰਾਦਾ ਯੌਨ ਸ਼ੋਸ਼ਣ ਦਾ ਹੁੰਦਾ ਹੈ। ਇਹ ਚਿੰਤਾਜਨਕ ਰੁਝਾਨ ਮਾਪਿਆਂ, ਸਿੱਖਿਆ ਮਾਹਿਰਾਂ ਅਤੇ ਕਾਨੂੰਨੀ ਅਧਿਕਾਰੀਆਂ ਵਿੱਚ ਚਿੰਤਾ ਦਾ ਕਾਰਨ ਬਣ ਗਿਆ ਹੈ।

### ਸਾਇਬਰ ਗਰੂਮਿੰਗ ਕੀ ਹੈ ?

ਸਾਇਬਰ ਗਰੂਮਿੰਗ ਆਮ ਤੌਰ 'ਤੇ ਇੱਕ ਇਨਸਾਨ (ਗਰੂਮਰ) ਨੂੰ ਸ਼ਾਮਲ ਕਰਦੀ ਹੈ ਜੋ ਅਕਸਰ ਸੋਸ਼ਲ ਮੀਡੀਆ, ਗੇਮਿੰਗ ਸਾਈਟਾਂ ਜਾਂ ਚੈਟ ਰੂਮਾਂ ਵਰਗੀਆਂ ਆਨਲਾਈਨ ਪਲੇਟਫਾਰਮਾਂ ਦੀ ਵਰਤੋਂ ਕਰਕੇ ਕਿਸੇ ਬੱਚੇ ਜਾਂ ਅਲ੍ਹੜ ਉਮਰ ਦੇ ਬਾਲ ਨੂੰ ਦੋਸਤ ਬਣਾਉਂਦਾ ਹੈ। ਗਰੂਮਰ ਸ਼ੁਰੂ ਵਿੱਚ ਇੱਕ ਸਾਥੀ ਵਜੋਂ ਪੇਸ਼ ਆਉਂਦਾ ਹੈ ਜਿਸਦਾ ਉਦੇਸ਼ ਪੀੜਤ ਨੂੰ ਸਮਾਂ 'ਤੇ ਭਰੋਸਾ ਦੇ ਕੇ ਰਿਸ਼ਤਾ ਬਣਾਉਣ 'ਤੇ ਹੁੰਦਾ ਹੈ। ਇਸ ਪ੍ਰਕਿਰਿਆ ਵਿੱਚ ਨਿੱਜੀ ਜਾਣਕਾਰੀ ਸਾਂਝੀ ਕਰਨ, ਪ੍ਰਸ਼ੰਸਾ ਕਰਨ ਅਤੇ ਬੱਚੇ ਨੂੰ ਸੰਵੇਦਨਸ਼ੀਲ ਸਮੱਗਰੀ ਸਾਂਝੀ ਕਰਨ ਤਕ ਸ਼ਾਮਿਲ ਹੋ ਸਕਦੀ ਹੈ।

### ਸਮੱਸਿਆ ਦਾ ਦਾਇਰਾ

ਹਾਲੀਆ ਅੰਕੜੇ ਸਾਇਬਰ ਗਰੂਮਿੰਗ ਦੇ ਚਿੰਤਾਜਨਕ ਪੱਧਰ ਨੂੰ ਦਰਸਾਉਂਦੇ ਹਨ। ਵੱਖ ਵੱਖ ਅਧਿਐਨ ਦੇ ਅਨੁਸਾਰ ਬੱਚਿਆਂ ਨਾਲ ਆਨਲਾਈਨ ਜ਼ੁਰਮ ਦੀਆਂ ਰਿਪੋਰਟਾਂ ਪਿਛਲੇ ਪੰਜ ਸਾਲਾਂ ਵਿੱਚ 90% ਤੋਂ ਵੱਧ ਵਧ ਗਈਆਂ ਹਨ। ਇਸਦੇ ਨਾਲ ਹੀ ਇੰਟਰਨੈਟ ਸੇਫਟੀ ਟੈਕਨੀਕਲ ਟਾਸਕ ਫੋਰਸ ਦੁਆਰਾ ਕੀਤੇ ਗਏ ਇੱਕ ਅਧਿਐਨ ਦੇ ਅਨੁਸਾਰ ਲਗਭਗ 1 ਵਿੱਚ 5 ਨੌਜਵਾਨਾਂ ਨੇ ਉਨ੍ਹਾਂ ਦੇ ਉਤੇ ਜ਼ਬਰਦਸਤ ਯੌਨ ਮੰਗਾਂ ਮਿਲੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਆਨਲਾਈਨ ਗੇਮਿੰਗ ਦੇ ਵਾਧੇ ਨੇ ਗਰੂਮਰਾਂ ਲਈ ਕਮਜ਼ੋਰ ਸ਼ਿਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਨਵੇਂ ਰਸਤੇ ਖੋਲ੍ਹ ਦਿੱਤੇ ਹਨ। ਬਹੁਤ ਸਾਰੇ ਬੱਚੇ ਘੰਟਿਆਂ ਤੱਕ ਆਨਲਾਈਨ ਰਹਿੰਦੇ ਹਨ ਅਤੇ ਉਹ ਅਕਸਰ ਸਕ੍ਰੀਨਾਂ ਦੇ ਪਿੱਛੇ ਲੁਕੇ ਹੋਏ ਖਤਰਿਆਂ ਤੋਂ ਜਾਣੂ ਨਹੀਂ ਹੁੰਦੇ।

### ਗਰੂਮਰਾਂ ਦੀਆਂ ਤਕਨੀਕਾਂ

ਗਰੂਮਰ ਆਪਣੇ ਸ਼ਿਕਾਰਾਂ ਨੂੰ ਕਾਬੂ ਕਰਨ ਲਈ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

**ਭਰੋਸਾ ਬਣਾਉਣਾ:** ਗਰੂਮਰ ਅਕਸਰ ਆਪਣੇ ਸ਼ਿਕਾਰ ਨਾਲ ਸੰਬੰਧ ਬਣਾਉਣ ਵਿੱਚ ਹਫ਼ਤਿਆਂ ਜਾਂ ਮਹੀਨਿਆਂ ਦਾ ਸਮਾਂ ਲਗਾ ਦਿੰਦੇ ਹਨ। ਉਹ ਆਪਣੇ ਰਾਜ਼ ਸਾਂਝੇ ਕਰ ਸਕਦੇ ਹਨ, ਪ੍ਰਸ਼ੰਸਾ ਕਰ ਸਕਦੇ ਹਨ, ਅਤੇ ਸ਼ਿਕਾਰ ਨੂੰ ਝੂੱਠੀ ਸੁਰੱਖਿਆ ਦਾ ਅਹਿਸਾਸ ਕਰਵਾ ਸਕਦੇ ਹਨ।

**ਇਕੱਲਾਪਣ:** ਜਦੋਂ ਭਰੋਸਾ ਬਣ ਜਾਂਦਾ ਹੈ, ਗਰੂਮਰ ਸ਼ਿਕਾਰ ਨੂੰ ਸੰਗੀ ਸਾਥੀਆਂ ਅਤੇ ਪਰਿਵਾਰ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ ਜਿਸ ਨਾਲ ਉਹ ਗਰੂਮਰ 'ਤੇ ਭਾਵਨਾਤਮਕ ਸਹਾਇਤਾ ਲਈ ਨਿਰਭਰ ਹੋ ਜਾਂਦੇ ਹਨ।

**ਅਹਿਸਾਸ ਘਟਾਉਣਾ:** ਗਰੂਮਰ ਹੌਲੀ ਹੌਲੀ ਯੌਨ ਸਮੱਗਰੀ ਜਾਂ ਗੱਲਾਂ ਨੂੰ ਉਜਾਗਰ ਕਰ ਸਕਦੇ ਹਨ ਤਾਂ ਜੋ ਨਾਬਾਲਗ ਨੂੰ ਅਣਉਚਿਤ ਵਿਸ਼ਿਆਂ ਨਾਲ ਜੋੜਨ ਲਈ ਆਸਾਨੀ ਹੋਵੇ।

**ਜ਼ਬਰ ਅਤੇ ਮਨੋਬਲ:** ਜੇ ਕੋਈ ਬੱਚਾ ਉਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕਦਾ ਹੈ ਤਾਂ ਗਰੂਮਰ ਧਮਕੀ ਜਾਂ ਭਾਵਨਾਤਮਕ ਮਨੋਬਲ ਦੀ ਵਰਤੋਂ ਕਰ ਸਕਦੇ ਹਨ ਤਾਂ ਜੋ ਉਹਨਾਂ ਨੂੰ ਮੰਨਣ ਲਈ ਮਜਬੂਰ ਕਰ ਸਕਣ।

**ਸੰਕੇਤਾਂ ਦੀ ਪਛਾਣ :** ਮਾਪਿਆਂ ਅਤੇ ਰਖਵਾਲਿਆਂ ਦੀ ਬੱਚਿਆਂ ਨੂੰ ਸਾਇਬਰ ਗਰੂਮਿੰਗ ਤੋਂ ਬਚਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਸੰਕੇਤਾਂ ਦੀ ਪਛਾਣ ਕਰਨਾ ਸ਼ੁਰੂਆਤੀ ਪਛਾਣ ਵਿੱਚ ਮਦਦ ਕਰ ਸਕਦਾ ਹੈ:

**ਵਿਉਹਾਰ ਵਿੱਚ ਬਦਲਾਅ:** ਬੱਚੇ ਦੇ ਵਿਉਹਾਰ ਵਿੱਚ ਅਚਾਨਕ ਬਦਲਾਅ, ਜਿਵੇਂ ਕਿ ਵੱਧਦੀ ਇਕੱਲਤਾ ਜਾਂ ਪਰਿਵਾਰਕ ਗਤੀਵਿਧੀਆਂ ਤੋਂ ਦੂਰ ਹੋਣਾ ਚਿੰਤਾ ਦਾ ਕਾਰਨ ਬਣ ਸਕਦਾ ਹੈ।

**ਅਸਧਾਰਨ ਆਨਲਾਈਨ ਗਤੀਵਿਧੀ:** ਬੱਚੇ ਦੀਆਂ ਆਨਲਾਈਨ ਇੰਟਰੈਕਸ਼ਨਾਂ ਦੀ ਨਿਗਰਾਨੀ ਕਰਨਾ ਅਤੇ ਉਨ੍ਹਾਂ ਦੇ ਸੋਸ਼ਲ ਮੀਡੀਆ ਸੰਪਰਕਾਂ ਬਾਰੇ ਜਾਣੂ ਰਹਿਣਾ ਸੰਭਾਵਿਤ ਗਰੂਮਿੰਗ ਦੇ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

**ਗੈਰ-ਉਚਿਤ ਗੱਲਬਾਤ:** ਜੇਕਰ ਬੱਚਾ ਇਹ ਸਾਂਝਾ ਕਰਦਾ ਹੈ ਕਿ ਉਹ ਅਜਿਹੀਆਂ ਸੁਨੇਹੇ ਪ੍ਰਾਪਤ ਕਰ ਰਿਹਾ ਹੈ ਜੋ ਉਨ੍ਹਾਂ ਨੂੰ ਅਸਹਿਜ ਕਰਦੇ ਹਨ ਤਾਂ ਇਹ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨਾ ਜ਼ਰੂਰੀ ਹੈ।

**ਰੋਕਥਾਮ ਦੀਆਂ ਰਣਨੀਤੀਆਂ :** ਸਾਇਬਰ ਗਰੂਮਿੰਗ ਨਾਲ ਲੜਨ ਲਈ ਕਈ ਰਣਨੀਤੀਆਂ ਲਾਗੂ ਕੀਤੀਆਂ ਜਾ ਸਕਦੀਆਂ ਹਨ:

**ਖੁੱਲ੍ਹੀ ਗੱਲਬਾਤ:** ਆਨਲਾਈਨ ਅਨੁਭਵਾਂ ਬਾਰੇ ਖੁੱਲ੍ਹੇ ਸੰਵਾਦ ਨੂੰ ਉਤਸ਼ਾਹਿਤ ਕਰੋ। ਬੱਚਿਆਂ ਨੂੰ ਇਹ ਮਹਿਸੂਸ ਕਰਵਾਉਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਗੱਲ ਬਾਰੇ ਗੱਲ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਅਸਹਿਜ ਕਰਦੀ ਹੈ।

2 **ਸਿੱਖਿਆ:** ਬੱਚਿਆਂ ਨੂੰ ਆਨਲਾਈਨ ਨਿੱਜੀ ਜਾਣਕਾਰੀ ਸਾਂਝੀ ਕਰਨ ਦੇ ਖਤਰੇ ਅਤੇ ਅਣਜਾਣ ਲੋਕਾਂ ਦੇ ਸ਼ੱਕੀ ਵਿਉਹਾਰ ਪਛਾਣਣ ਬਾਰੇ ਸਿਖਾਉਣਾ।

**ਪਰਾਈਵੇਸੀ ਸੈਟਿੰਗਜ਼:** ਬੱਚਿਆਂ ਨੂੰ ਸੋਸ਼ਲ ਮੀਡੀਆ ਖਾਤਿਆਂ 'ਤੇ ਕਠੋਰ ਪਰਾਈਵੇਸੀ ਸੈਟਿੰਗਜ਼ ਸੈੱਟ ਕਰਨ ਵਿੱਚ ਮਦਦ ਕਰੋ ਅਤੇ ਉਨ੍ਹਾਂ ਦੇ ਆਨਲਾਈਨ ਮੌਜੂਦਗੀ ਨੂੰ ਸੀਮਿਤ ਕਰਨ ਦੇ ਮਹੱਤਵ ਬਾਰੇ ਚਰਚਾ ਕਰੋ।

**ਮੋਨੀਟਰੀਗ ਟੂਲਜ਼:** ਮਾਤਾ ਪਿਤਾ ਵਲੋਂ ਬੱਚਿਆਂ ਨੂੰ ਸੰਭਾਲਣ ਵਾਲੇ ਸੌਫਟਵੇਅਰ ਦੀ ਵਰਤੋਂ ਕਰ.ਨ ਦੀ ਸਿੱਖਿਆ ਦੇਣੀ ਲਾਜ਼ਮੀ ਹੋਣੀ ਚਾਹੀਦੀ ਹੈ ਜੋ ਬਚਿਆਂ ਦੀ ਆਨਲਾਈਨ ਗਤੀਵਿਧੀ ਦੀ ਨਿਗਰਾਨੀ ਕਰਨ ਦੀ ਆਗਿਆ ਦਿੰਦੀ ਹੈ।

**ਸ਼ੱਕੀ ਵਿਵਹਾਰ ਦੀ ਰਿਪੋਰਟ ਕਰੋ:** ਬੱਚਿਆਂ ਨੂੰ ਪ੍ਰੇਰਿਤ ਕਰੋ ਕਿ ਉਹ ਕਿਸੇ ਵੀ ਸ਼ੱਕੀ ਇੰਟਰੈਕਸ਼ਨ ਦੀ ਰਿਪੋਰਟ ਕਿਸੇ ਭਰੋਸੇਯੋਗ ਵੱਡੇ ਵਿਅਕਤੀ ਜਾਂ ਕਾਨੂੰਨੀ ਅਧਿਕਾਰੀ ਨੂੰ ਦਿੰਦੇ ਹਨ।

ਜਿਵੇਂ ਜਿਵੇਂ ਤਕਨੀਕ ਵਿਕਸਤ ਹੁੰਦੀ ਹੈ ਉਵੇਂ ਹੀ ਉਹ ਤਕਨੀਕਾਂ ਵੀ ਵਿਕਸਤ ਹੁੰਦੀਆਂ ਹਨ ਜੋ ਉਹ ਲੋਕ ਵਰਤਦੇ ਹਨ ਜੋ ਕਮਜ਼ੋਰ ਇਨਸਾਨਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਾਇਬਰ ਗਰੂਮਿੰਗ ਇੱਕ ਗੰਭੀਰ ਸਮੱਸਿਆ ਹੈ ਜਿਸ ਲਈ ਮਾਪਿਆਂ, ਸਿੱਖਿਆ ਮਾਹਿਰਾਂ ਅਤੇ ਸਮਾਜ ਦੇ ਸਮੂਹ ਦੀ ਚੌਕਸੀ ਲੋੜੀਂਦੀ ਹੈ। ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਕੇ, ਬੱਚਿਆਂ ਨੂੰ ਆਨਲਾਈਨ ਖਤਰਿਆਂ ਬਾਰੇ ਸਿਖਾ ਕੇ ਅਤੇ ਰੋਕਥਾਮ ਦੇ ਉਪਾਅ ਲਾਗੂ ਕਰਕੇ, ਅਸੀਂ ਇਸ ਖਤਰਨਾਕ ਖਤਰੇ ਤੋਂ ਆਪਣੇ ਨੌਜਵਾਨਾਂ ਦੀ ਸੁਰੱਖਿਆ ਲਈ ਇਕੱਠੇ ਕੰਮ ਕਰ ਸਕਦੇ ਹਾਂ।

ਮੌਜੂਦਾ ਯੁੱਗ ਵਿੱਚ ਜਿੱਥੇ ਡਿਜੀਟਲ ਸੰਪਰਕ ਆਮ ਹਨ ਆਪਣੇ ਬੱਚਿਆਂ ਦੀ ਸੁਰੱਖਿਆ ਕਰਨਾ ਸਾਡੇ ਲਈ ਸਭ ਤੋਂ ਅਹਿਮ ਹੋਣਾ ਚਾਹੀਦੀ ਹੈ। ਜਾਗਰੂਕਤਾ ਅਤੇ ਨਿਗਰਾਨੀ ਇਹ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਹਨ ਕਿ ਇੰਟਰਨੈੱਟ ਸਭ ਯੂਜ਼ਰਾਂ ਲਈ, ਵਿਸ਼ੇਸ਼ ਤੌਰ 'ਤੇ ਨਾਬਾਲਗਾਂ ਲਈ, ਇੱਕ ਸੁਰੱਖਿਅਤ ਸਥਾਨ ਰਹੇ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਯੁਕਤ ਕਿਸਾਨ ਮੋਰਚਾ ਨੇ ਅਮਰੀਕਾ ਨਾਲ ਐਫਟੀਏ 'ਤੇ ਦਸਤਖਤ ਕਰਕੇ ਖੇਤੀਬਾੜੀ ਅਤੇ

# ਡੇਅਰੀ ਸੈਕਟਰਾਂ ਨੂੰ ਖੋਲ੍ਹਣ ਵਿਰੁੱਧ ਦਿੱਤੀ ਚੇਤਾਵਨੀ




**ਨਵੀਂ ਦਿੱਲੀ, 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਨਵੀਂ ਦਿੱਲੀ ਦੇ ਸੁਰਜੀਤ ਭਵਨ ਵਿਖੇ ਹੋਈ ਸੰਯੁਕਤ ਕਿਸਾਨ ਮੋਰਚਾ ਦੀ ਰਾਸ਼ਟਰੀ ਪ੍ਰੀਸ਼ਦ ਦੀ ਮੀਟਿੰਗ ਵਿੱਚ, ਇੱਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਐਨਡੀਏ ਸਰਕਾਰ ਨੂੰ ਅਮਰੀਕਾ ਨਾਲ ਇੱਕ ਮੁਕਤ ਵਪਾਰ ਸਮਝੌਤਾ (ਐਫਟੀਏ) 'ਤੇ ਦਸਤਖਤ ਕਰਕੇ ਖੇਤੀਬਾੜੀ ਅਤੇ ਡੇਅਰੀ ਸੈਕਟਰਾਂ ਨੂੰ ਖੋਲ੍ਹਣ ਵਿਰੁੱਧ ਚੇਤਾਵਨੀ ਦਿੱਤੀ ਗਈ। ਮਤੇ ਵਿੱਚ ਕਿਸਾਨਾਂ ਅਤੇ ਆਮ ਲੋਕਾਂ ਨੂੰ ਅਮਰੀਕੀ ਸਾਮਰਾਜਵਾਦ ਅਤੇ ਕਾਰਪੋਰੇਟ ਤਾਕਤਾਂ ਦੇ ਦਬਾਅ ਹੇਠ ਦੇਸ਼ ਦੇ ਹਿੱਤਾਂ ਨਾਲ ਸਮਝੌਤਾ ਕਰਨ ਵਿਰੁੱਧ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ। ਇਸ ਵਿੱਚ ਇਹ ਵੀ ਐਲਾਨ ਕੀਤਾ ਗਿਆ ਕਿ ਕਿਸਾਨ 2020-21 ਦੇ ਇਤਿਹਾਸਕ ਕਿਸਾਨ ਅੰਦੋਲਨ ਨਾਲੋਂ ਵੱਡਾ, ਵਧੇਰੇ ਵਿਆਪਕ ਅਤੇ ਵਧੇਰੇ ਭਿਆਨਕ ਸੰਘਰਸ਼ ਸ਼ੁਰੂ ਕਰਨਗੇ। ਮੀਟਿੰਗ ਵਿੱਚ ਦੇਸ਼ ਭਰ ਦੇ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਤੁਰੰਤ ਅਤੇ ਹਮਲਾਵਰ ਵਿਰੋਧ ਕਾਰਵਾਈਆਂ ਕਰਨ ਦਾ ਸੱਦਾ ਦਿੱਤਾ ਗਿਆ ਜੇਕਰ ਐਨਡੀਏ ਸਰਕਾਰ ਆਉਣ ਵਾਲੇ ਬਜਟ ਸੈਸ਼ਨ ਵਿੱਚ ਬਿਜਲੀ ਬਿੱਲ 2025 ਪਾਸ ਕਰਦੀ ਹੈ। ਹਨਨ ਮੁੱਲਾ ਨੇ ਭਾਗੀਦਾਰਾਂ ਦਾ ਸਵਾਗਤ ਕੀਤਾ। ਪ੍ਰਧਾਨਗੀ ਮੰਡਲ ਵਿੱਚ ਜੋਗਿੰਦਰ ਸਿੰਘ ਉਗਰਾਹਨ, ਰਾਜਨ ਕਸ਼ੀਰਸਾਗਰ, ਪੀ. ਕ੍ਰਿਸ਼ਨਾ ਪ੍ਰਸਾਦ, ਪ੍ਰੇਮ ਸਿੰਘ ਗਹਿਲਾਵਤ, ਆਸ਼ੀਸ਼ ਮਿੱਤਲ, ਜੋਗਿੰਦਰ ਸਿੰਘ ਨੈਣ, ਸਿਰਾਜੂਦੀਨ ਖੇੜੀ, ਦਲਜੀਤ ਸਿੰਘ ਅਤੇ ਅਸ਼ੋਕ ਬੈਠਾ ਸ਼ਾਮਲ ਸਨ। ਮੀਟਿੰਗ ਵਿੱਚ 16 ਜਨਵਰੀ, "ਆਲ ਇੰਡੀਆ ਵਿਰੋਧ ਦਿਵਸ" ਨੂੰ ਕਿਸਾਨਾਂ ਦੀ ਵਿਆਪਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਦਾ ਫੈਸਲਾ ਕੀਤਾ ਗਿਆ। ਇਸ ਵਿੱਚ ਜ਼ਿਲ੍ਹਾ ਪੱਧਰ 'ਤੇ ਪ੍ਰਦਰਸ਼ਨ, ਬਲਾਕ/ਪਿੰਡ ਪੱਧਰ 'ਤੇ ਜਨਤਕ ਮੀਟਿੰਗਾਂ, ਅਤੇ ਨਵੇਂ ਸਾਲ ਦਾ ਪ੍ਰਣ ਸ਼ਾਮਲ ਹੋਵੇਗਾ - "ਜਿੱਤ ਤੱਕ ਇੱਕ ਨਿਰੰਤਰ, ਇੱਕਜੁੱਟ, ਸਰਬ-ਭਾਰਤੀ ਸੰਘਰਸ਼ ਦਾ ਨਿਰਮਾਣ" - ਬਿਜਲੀ ਬਿੱਲ 2025, ਵੀਬੀ ਗ੍ਰਾਮੀਣ ਐਕਟ 2025, ਬੀਜ ਬਿੱਲ 2025, ਅਤੇ ਚਾਰ ਕਿਰਤ ਕੋਡਾਂ ਨੂੰ ਰੱਦ ਕਰਨ ਦੀਆਂ ਮੰਗਾਂ ਦੇ ਨਾਲ। ਮੰਗਾਂ ਦੇ ਚਾਰਟਰ ਵਿੱਚ ਲੰਬੇ ਸਮੇਂ ਦੀਆਂ ਮੰਗਾਂ ਵੀ ਸ਼ਾਮਲ ਹਨ - ਸਾਰੀਆਂ ਫਸਲਾਂ ਲਈ ਸੀ 2+50% 'ਤੇ ਐਸਐਸਪੀ ਦਾ ਕਾਨੂੰਨ ਅਤੇ ਯਕੀਨੀ ਖਰੀਦ; ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਰਨ ਅਤੇ ਕਿਸਾਨ ਖੁਦਕੁਸ਼ੀਆਂ ਨੂੰ ਖਤਮ ਕਰਨ ਲਈ ਵਿਆਪਕ ਕਰਜ਼ਾ ਮੁਆਫ਼ੀ; ਜ਼ਮੀਨ ਪ੍ਰਾਪਤੀ, ਪੁਨਰਵਾਸ ਅਤੇ ਪੁਨਰਵਾਸ ਐਕਟ, 2013 (ਐਲਏਆਰਆਰ ਐਕਟ 2013) ਵਿੱਚ ਨਿਰਪੱਖ ਮੁਆਵਜ਼ੇ ਅਤੇ ਪਾਰਦਰਸ਼ਤਾ ਦੇ ਅਧਿਕਾਰ ਨੂੰ ਲਾਗੂ ਕਰਨਾ; ਅਤੇ ਜੀਐਸਟੀ ਐਕਟ ਵਿੱਚ ਸੋਧ ਕਰਕੇ ਟੈਕਸ ਸ਼ਕਤੀਆਂ ਨੂੰ ਬਹਾਲ ਕਰਕੇ ਰਾਜਾਂ ਦੇ ਸੰਘੀ ਅਧਿਕਾਰਾਂ ਦੀ ਰੱਖਿਆ ਕਰਨਾ - ਰਾਜਾਂ ਨੂੰ ਮੌਜੂਦਾ 31% ਦੀ ਬਜਾਏ ਸੈੱਸ ਅਤੇ ਸਰਚਾਰਜ ਸਮੇਤ ਵੰਡਣਯੋਗ ਪੂਲ ਦਾ 60% ਦੇਣਾ। ਮੀਟਿੰਗ ਨੇ ਉਪਰੋਕਤ ਸਾਰੀਆਂ ਮੰਗਾਂ ਦੇ ਸਮਰਥਨ ਵਿੱਚ ਅਤੇ ਪ੍ਰਗਟਾਵੇ ਦੀ ਆਜ਼ਾਦੀ, ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਅਤੇ ਯੂਏਪੀਏ ਸਮੇਤ ਦਮਨਕਾਰੀ ਕਾਨੂੰਨਾਂ ਨੂੰ ਰੱਦ ਕਰਨ ਦੇ ਸੰਵਿਧਾਨਕ ਅਧਿਕਾਰਾਂ ਦੀ ਪੁਸ਼ਟੀ ਕਰਨ ਲਈ 26 ਜਨਵਰੀ, 2026 ਨੂੰ ਗਣਤੰਤਰ ਦਿਵਸ ਮਨਾਉਣ ਦਾ ਫੈਸਲਾ ਕੀਤਾ। ਲੋਕਤੰਤਰੀ ਅਧਿਕਾਰਾਂ ਬਾਰੇ ਮਤੇ ਵਿੱਚ ਮੰਗ ਕੀਤੀ ਗਈ ਸੀ ਕਿ ਐਨਡੀਏ ਸਰਕਾਰ ਸਾਰੇ ਰਾਜਨੀਤਿਕ ਕੈਦੀਆਂ ਨੂੰ ਤੁਰੰਤ ਰਿਹਾਅ ਕਰੇ, ਜਿਨ੍ਹਾਂ ਵਿੱਚ ਲੱਦਾਖ ਦੀ ਸੋਨਮ ਵਾਂਗਚੁਕ ਅਤੇ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਬਿਨਾਂ ਮੁਕੱਦਮੇ ਦੇ ਜੇਲ੍ਹ ਵਿੱਚ ਬੰਦ ਸਾਰੇ ਕੈਦੀ ਸ਼ਾਮਲ ਹਨ। ਰਾਜ ਲੀਡਰਸ਼ਿਪ ਦੁਪਹਿਰ ਨੂੰ "ਲੋਕ ਮਾਰਚ" ਦੇ ਰੂਪ ਵਿੱਚ ਇੱਕ ਵਿਰੋਧ ਪ੍ਰੋਗਰਾਮ ਤਹਿ ਕਰੇਗੀ, ਅਧਿਕਾਰਤ ਗਣਤੰਤਰ ਦਿਵਸ ਪਰੇਡ ਨੂੰ ਪ੍ਰਭਾਵਿਤ ਕੀਤੇ ਬਿਨਾਂ, ਅਤੇ ਟਰੈਕਟਰ ਪਰੇਡ, ਵਾਹਨ ਰੈਲੀਆਂ, ਮੋਟਰਸਾਈਕਲ ਰੈਲੀਆਂ ਅਤੇ ਵਿਸ਼ਾਲ ਪ੍ਰਦਰਸ਼ਨਾਂ ਦਾ ਆਯੋਜਨ ਕਰਨ ਲਈ ਮਜ਼ਦੂਰਾਂ, ਖੇਤੀਬਾੜੀ ਅਤੇ ਪੇਂਡੂ ਮਜ਼ਦੂਰਾਂ ਨਾਲ ਤਾਲਮੇਲ ਕਰੇਗੀ। ਮੀਟਿੰਗ ਨੇ 12 ਫਰਵਰੀ, 2026 ਨੂੰ ਚਾਰ ਕਿਰਤ ਕੋਡਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਹੋਏ ਆਮ ਹੜਤਾਲ ਦੇ ਸੱਦੇ ਦਾ ਸਮਰਥਨ ਕੀਤਾ। ਕਿਸਾਨਾਂ ਨੂੰ ਸੜਕਾਂ 'ਤੇ ਉਤਰਨ ਅਤੇ ਉਸ ਦਿਨ ਵਿਸ਼ਾਲ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਸੀ। ਰਾਜਾਂ ਵਿੱਚ ਵਿਸਤ੍ਰਿਤ ਪ੍ਰੋਗਰਾਮ ਤੈਅ ਕੀਤੇ ਜਾਣਗੇ। ਮੀਟਿੰਗ ਨੇ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਸਮਰਥਨ ਦਾ ਐਲਾਨ ਕੀਤਾ ਅਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਲਿਆ। ਐਸਕੇਐਮ 19 ਜਨਵਰੀ ਨੂੰ ਲਖੀਮਪੁਰ ਖੇੜੀ ਵਿੱਚ ਇੱਕ ਜਨਤਕ ਮੀਟਿੰਗ ਕਰੇਗਾ। ਮੀਟਿੰਗ ਵਿੱਚ ਸਾਰੇ ਐਸਕੇਐਮ ਮੈਂਬਰ ਸੰਗਠਨਾਂ ਅਤੇ ਰਾਜ ਤਾਲਮੇਲ ਕਮੇਟੀਆਂ ਨੂੰ ਬਲਾਕ ਅਤੇ ਪਿੰਡ ਪੱਧਰ 'ਤੇ ਵਿਆਪਕ ਸੰਘਰਸ਼ ਅਤੇ ਮੁਹਿੰਮਾਂ ਸ਼ੁਰੂ ਕਰਨ, ਮਜ਼ਦੂਰ ਲੋਕਾਂ 'ਤੇ ਕਾਰਪੋਰੇਟ ਹਮਲਿਆਂ ਦੀ ਲੜੀ ਨੂੰ ਉਜਾਗਰ ਕਰਨ ਅਤੇ ਲੰਬੇ ਸਮੇਂ ਦੇ, ਵਿਸ਼ਾਲ ਸਰਬ-ਭਾਰਤੀ ਸੰਘਰਸ਼ਾਂ ਲਈ ਦ੍ਰਿੜਤਾ ਨਾਲ ਤਿਆਰੀ ਕਰਨ ਦਾ ਸੱਦਾ ਦਿੱਤਾ ਗਿਆ। ਅਗਲੀ ਰਾਸ਼ਟਰੀ ਪ੍ਰੀਸ਼ਦ ਦੀ ਮੀਟਿੰਗ 24 ਫਰਵਰੀ ਨੂੰ ਹਰਿਆਣਾ ਵਿੱਚ ਹੋਵੇਗੀ, ਅਤੇ ਜੇਕਰ ਐਨਡੀਏ ਸਰਕਾਰ ਮਜ਼ਦੂਰਾਂ, ਕਿਸਾਨਾਂ ਅਤੇ ਖੇਤੀਬਾੜੀ ਅਤੇ ਪੇਂਡੂ ਮਜ਼ਦੂਰਾਂ ਦੀ ਅਗਵਾਈ ਨਾਲ ਵਾਜਬ ਮੰਗਾਂ 'ਤੇ ਚਰਚਾ ਸ਼ੁਰੂ ਕਰਨ ਲਈ ਤਿਆਰ ਨਹੀਂ ਹੈ, ਤਾਂ ਇੱਕ ਠੋਸ ਕਾਰਵਾਈ ਯੋਜਨਾ ਦਾ ਫੈਸਲਾ ਕੀਤਾ ਜਾਵੇਗਾ।

## 26 ਜਨਵਰੀ ਨੂੰ ਲੋਕਤੰਤਰੀ ਅਧਿਕਾਰਾਂ ਦੀ ਰੱਖਿਆ ਲਈ ਲੋਕ ਮਾਰਚ

### 26 ਜਨਵਰੀ ਨੂੰ ਇਟਲੀ, ਜਰਮਨੀ ਅਤੇ ਪੁਰਤਗਾਲ ਸਮੇਤ ਫਾਈਵ ਆਈਜ਼ ਦੇਸ਼ਾਂ ਵਿੱਚ

# ਭਾਰਤੀ ਦੂਤਾਵਾਸਾਂ ਤੋਂ ਤਿਰੰਗਾ ਝੰਡਾ ਹਟਾਉਣ ਲਈ ਐਸਐਫਜੇ ਵਲੋਂ ਸੱਦਾ

ਨਵੀਂ ਦਿੱਲੀ 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਲੰਡਨ ਵਿੱਚ ਈਰਾਨ ਦੇ ਦਮਨਕਾਰੀ ਸ਼ਾਸਨ ਦੇ ਝੰਡੇ ਨੂੰ ਪਾੜਨ ਵਾਲੇ ਈਰਾਨੀ ਇਨਕਲਾਬੀਆਂ ਲਈ ਰਾਸ਼ਟਰਪਤੀ ਟਰੰਪ ਦੇ ਸਮਰਥਨ ਦਾ ਹਵਾਲਾ ਦਿੰਦੇ ਹੋਏ, ਸਿੱਖਸ ਫਾਰ ਜਸਟਿਸ ਨੇ 26 ਜਨਵਰੀ, ਭਾਰਤ ਦੇ ਗਣਤੰਤਰ ਦਿਵਸ 'ਤੇ, ਇਟਲੀ, ਜਰਮਨੀ ਅਤੇ ਪੁਰਤਗਾਲ ਸਮੇਤ ਫਾਈਵ ਆਈਜ਼ ਦੇਸ਼ਾਂ ਵਿੱਚ ਭਾਰਤੀ ਦੂਤਾਵਾਸਾਂ ਤੋਂ ਭਾਰਤੀ ਤਿਰੰਗਾ ਹਟਾਉਣ ਦਾ ਸੱਦਾ ਜਾਰੀ ਕੀਤਾ। ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਤਿਰੰਗਾ ਹਟਾਉਣ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਕਿ ਰਾਸ਼ਟਰਪਤੀ ਟਰੰਪ ਦਾ ਈਰਾਨੀ ਇਨਕਲਾਬੀਆਂ ਦਾ ਸਮਰਥਨ ਇੱਕ ਵਿਸ਼ਵਵਿਆਪੀ ਸੱਚ ਦੀ ਪੁਸ਼ਟੀ ਕਰਦਾ ਹੈ, ਇੱਕ ਅੱਤਵਾਦੀ ਸ਼ਾਸਨ ਦੇ ਝੰਡੇ ਨੂੰ ਹਟਾਉਣਾ ਆਜ਼ਾਦੀ ਦਾ ਕੰਮ ਹੈ। ਪੰਨੂ ਨੇ ਗਣਤੰਤਰ ਦਿਵਸ 'ਤੇ ਭਾਰਤੀ ਤਿਰੰਗੇ ਨੂੰ ਹਟਾਉਣ ਦੀ ਮੰਗ ਕਰਦੇ ਹੋਏ ਕਿਹਾ ਈਰਾਨ ਦੇ ਸਮਾਨਾਂਤਰ ਮੋਦੀ ਦੇ ਭਾਰਤ ਦਾ ਅੱਤਵਾਦੀ ਸ਼ਾਸਨ ਖੜ੍ਹਾ ਹੈ, ਜਿਸ ਦੇ ਤਹਿਤ ਸਿੱਖਾਂ ਨੂੰ ਨਸਲਕੁਸ਼ੀ, ਆਰਥਿਕ ਕਤਲੇਆਮ ਅਤੇ ਹੁਣ ਨਸਲੀ ਸਫਾਈ ਦਾ ਸਾਹਮਣਾ ਕਰਨਾ ਪਿਆ ਹੈ - ਜਿਸ ਦੀਆਂ ਜੜ੍ਹਾਂ ਧਾਰਮਿਕ ਅਤਿਆਚਾਰ ਅਤੇ ਰਾਜਨੀਤਿਕ ਜ਼ੁਲਮ ਵਿੱਚ ਹਨ। ਪੰਨੂ ਨੇ ਮੈਲਬੌਰਨ, ਆਕਲੈਂਡ, ਲੰਡਨ, ਮਿਲਾਨ, ਵਾਸ਼ਿੰਗਟਨ ਡੀਸੀ, ਸੈਨ ਫਰਾਂਸਿਸਕੋ, ਟੋਰਾਂਟੋ, ਓਟਾਵਾ ਅਤੇ ਵੈਨਕੂਵਰ ਵਿੱਚ ਖਾਲਿਸਤਾਨ ਦੇ ਝੰਡਿਆਂ ਨਾਲ ਭਾਰਤੀ ਤਿਰੰਗਾ ਲਗਾਉਣ ਦੀ ਮੰਗ ਕੀਤੀ।



# ਸਦਰ ਬਾਜ਼ਾਰ ਵਿਚ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਬਾਜ਼ਾਰ ਕੈਮਰਿਆਂ ਨਾਲ ਲੈਸ ਕੀਤਾ ਜਾਵੇਗਾ - ਪਰਮਜੀਤ ਸਿੰਘ ਪੰਮਾ



**ਨਵੀਂ ਦਿੱਲੀ 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਸਦਰ ਬਾਜ਼ਾਰ ਬਾਰੀ ਮਾਰਕੀਟ ਵਪਾਰੀ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਮਾਰਕੀਟ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਇੱਕ ਕਾਰਜਕਾਰੀ ਮੀਟਿੰਗ ਹੋਈ। ਮੀਟਿੰਗ ਵਿੱਚ ਸੀਨੀਅਰ ਉਪ ਪ੍ਰਧਾਨ ਵਰਿੰਦਰ ਆਰੀਆ, ਕੁਲਦੀਪ ਸਿੰਘ, ਉਪ ਪ੍ਰਧਾਨ ਸੁਨੀਲ ਪੁਰੀ, ਰਾਜੇਸ਼ ਕੁਮਾਰ ਪ੍ਰਦੀਪ ਸਚਦੇਵਾ, ਸਚਿਨ ਗਗਨ ਖੰਨਾ, ਅਭੈ ਸੱਭਰਵਾਲ ਅਤੇ ਤਰੁਣ ਸੋਨੀ ਸਮੇਤ ਕਈ ਵਪਾਰੀ ਸ਼ਾਮਲ ਹੋਏ। ਸਦਰ ਬਾਜ਼ਾਰ ਬਾਰੀ ਮਾਰਕੀਟ ਵਪਾਰੀ ਐਸੋਸੀਏਸ਼ਨ ਨੇ ਬਾਜ਼ਾਰ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਹਨ। ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਦੱਸਿਆ ਕਿ ਸਾਰੇ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਦੇ ਅੰਦਰ ਅਤੇ ਬਾਹਰ ਕੈਮਰੇ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੂੰ ਆਪਣੀਆਂ ਦੁਕਾਨਾਂ ਦੇ ਸ਼ਟਰ ਦੇ ਬਾਹਰ ਫਰਮ ਦਾ ਨਾਮ, ਜੀਐਸਟੀ ਨੰਬਰ, ਪਤਾ ਅਤੇ ਮੋਬਾਈਲ ਨੰਬਰ ਲਿਖਣ ਲਈ ਵੀ ਕਿਹਾ ਗਿਆ ਹੈ, ਅਤੇ ਜਿਨ੍ਹਾਂ ਵਪਾਰੀਆਂ ਨੇ ਅਜੇ ਤੱਕ ਜੀਐਸਟੀ ਨੰਬਰ ਪ੍ਰਾਪਤ ਨਹੀਂ ਕੀਤਾ ਹੈ, ਉਨ੍ਹਾਂ ਨੂੰ ਤੁਰੰਤ ਅਰਜ਼ੀ ਦੇਣੀ ਚਾਹੀਦੀ ਹੈ। ਪੰਮਾ ਨੇ ਦੱਸਿਆ ਕਿ ਦੁਕਾਨਾਂ ਦੇ ਸ਼ਟਰ ਦੇ ਬਾਹਰ ਮੋਬਾਈਲ ਨੰਬਰ ਲਿਖ ਕੇ, ਸੁਰੱਖਿਆ ਗਾਰਡ ਕਿਸੇ ਦੀਆਂ ਲਾਈਟਾਂ ਜਗਾਉਣ ਜਾਂ ਐਮਰਜੈਂਸੀ ਹੋਣ 'ਤੇ ਉਨ੍ਹਾਂ ਨੂੰ ਕਾਲ ਕਰਕੇ ਸੂਚਿਤ ਕਰ ਸਕਦੇ ਹਨ। ਪੰਮਾ ਨੇ ਇਹ ਵੀ ਦੱਸਿਆ ਕਿ ਬਾਜ਼ਾਰ ਵਿੱਚ ਵੱਖ-ਵੱਖ ਥਾਵਾਂ 'ਤੇ ਅੱਗ ਸੁਰੱਖਿਆ ਸਿਲੰਡਰ ਲਗਾਏ ਜਾਣਗੇ ਤਾਂ ਜੋ ਅੱਗ ਲੱਗਣ ਦੀ ਕਿਸੇ ਵੀ ਘਟਨਾ 'ਤੇ ਕਾਬੂ ਪਾਇਆ ਜਾ ਸਕੇ ਕਿਉਂਕਿ ਬਾਜ਼ਾਰ ਵਿੱਚ ਟ੍ਰੈਫਿਕ ਜਾਮ ਹੋਣ ਕਾਰਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਪਹੁੰਚਣ ਵਿੱਚ ਬਹੁਤ ਸਮਾਂ ਲੱਗਦਾ ਹੈ, ਜੋ ਅੱਜ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਉਨ੍ਹਾਂ ਸਾਰੇ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਦੇ ਅੰਦਰ ਅੱਗ ਸੁਰੱਖਿਆ ਉਪਾਅ ਯਕੀਨੀ ਬਣਾਉਣ ਦੀ ਵੀ ਬੇਨਤੀ ਕੀਤੀ।

# ਪੱਤਰਕਾਰਾਂ 'ਤੇ ਕੀਤੇ ਝੂਠੇ ਪਰਚੇ ਦਰਜ ਕਰਨਾ ਅਤਿ ਨਿੰਦਣਯੋਗ : ਗੁਰਮੇਲ ਸਿੰਘ ਮੌੜ



**ਮਹਿਲ ਕਲਾਂ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸੂਬੇ ਅੰਦਰ 2022 ਤੋਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਪੰਜਾਬ ਦੇ ਲੋਕਾਂ ਵਿੱਚ ਆਪਣਾ ਅਧਾਰ ਤੇ ਵਿਸ਼ਵਾਸ ਗਵਾ ਚੁੱਕੀ ਹੈ। ਹੁਣ ਹਰ ਇੱਕ ਵਰਗ ਭਗਵੰਤ ਮਾਨ ਦੀ ਸਰਕਾਰ ਤੋਂ ਬਹੁਤ ਦੁੱਖੀ ਹੈ ਜਿਸਦਾ ਇਲਮ ਸਰਕਾਰ ਨੂੰ ਹੋ ਗਿਆ ਹੈ। ਇਸੇ ਲਈ ਘਬਰਾਹਟ ਵਿੱਚ ਆ ਕੇ ਸਰਕਾਰ ਦੇ ਮੰਤਰੀ ਅਤੇ ਐਮਐਲਏ ਸਰਕਾਰੀ ਤੰਤਰ ਦਾ ਦੁਰਉਪਯੋਗ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਗੁਰਮੇਲ ਸਿੰਘ ਮੌੜ ਸੰਗਠਨ ਇੰਚਾਰਜ ਧੂਰੀ, ਪ੍ਰਮੁੱਖ ਦਾਅਵੇਦਾਰ ਵਿਧਾਨ ਸਭਾ ਹਲਕਾ ਮਹਿਲ ਕਲਾਂ ਨੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਜਿੱਥੇ ਆਮ ਜਨਤਾ ਦੁੱਖੀ ਅਤੇ ਪ੍ਰੇਸ਼ਾਨ ਹੋ ਰਹੀ ਹੈ ਉੱਥੇ ਹੀ ਸਰਕਾਰ ਦੀਆਂ ਗਲਤ ਨੀਤੀਆ ਖ਼ਿਲਾਫ਼ ਜਦੋਂ ਕੁੱਝ ਪੱਤਰਕਾਰ ਅਤੇ ਸਮਾਜ ਸੇਵੀ ਲੋਕ ਸਰਕਾਰ ਨੂੰ ਸਵਾਲ ਕਰਦੇ ਹਨ, ਤਾਂ ਫਿਰ ਵੀ ਮੌਕੇ ਦੀ ਸਰਕਾਰ ਇਹਨਾਂ ਲੋਕਾਂ ਦੀਆਂ ਤਰਕ ਭਰੀਆ ਗਲਾਂ ਤੋਂ ਸੇਧ ਲੈਣ ਦੀ ਬਜਾਏ ਉਲਟਾ ਲੋਕਤੰਤਰ ਦੇ ਚੋਥੇ ਥੰਮ ਨੂੰ ਡਰਾ ਧਮਕਾ ਕੇ ਚੁੱਪ ਕਰਾਉਣਾ ਚਾਹੁੰਦੀ ਹੈ। ਉਹਨਾ ਕਿਹਾ ਕਿ ਲੱਗਭਗ 10 ਦੇ ਕਰੀਬ ਸਰਕਾਰ ਨੂੰ ਸਵਾਲ ਕਰਨ ਵਾਲੇ ਪੱਤਰਕਾਰਾਂ ਉੱਪਰ ਝੂਠੇ ਪਰਚੇ ਕਰਨੇ ਬਹੁਤ ਹੀ ਨਿੰਦਣਯੋਗ ਹਨ। ਪਰ ਆਪ ਸਰਕਾਰ ਕਦੇ ਵੀ ਇਸ ਭੁਲੇਖੇ ਵਿੱਚ ਨਾ ਰਹੇ ਕਿ ਝੂਠੇ ਪਰਚੇ ਕਰਕੇ ਸੱਚ ਦੀ ਆਵਾਜ਼ ਨੂੰ ਦੱਬਾ ਲਵੇਗੀ ਕਿਓਂ ਕਿ ਪੰਜਾਬ ਦੇ ਸੂਝਵਾਨ ਲੋਕ ਸਭ ਸਮਝਦੇ ਹਨ ਅਤੇ ਹਮੇਸ਼ਾ ਸੱਚ ਦਾ ਸਾਥ ਦਿੰਦੇ ਹਨ ਅਤੇ ਕਾਂਗਰਸ ਪਾਰਟੀ ਵੀ ਪੂਰੀ ਤਰ੍ਹਾਂ ਪੱਤਰਕਾਰ ਭਾਈਚਾਰੇ ਨਾਲ ਖੜੀ ਹੈ ਅਤੇ ਅਸੀਂ ਇਸਦੀ ਘਟਣਾ ਦੀ ਪੂਰਨ ਨਿੰਦਾ ਕਰਦੇ ਹਾਂ ਅਤੇ ਪੱਤਰਕਾਰ ਭਾਈਚਾਰੇ ਦਾ ਜੋ ਵੀ ਫੈਸਲਾ ਹੋਵੇਗਾ ਕਾਂਗਰਸ ਪਾਰਟੀ ਪੂਰਾ ਸਾਥ ਦਵੇਗੀ।

# ਉੱਘੇ ਸਮਾਜ ਸੇਵੀ ਅਸ਼ੌਕ ਕੁਮਾਰ ਨੇ ਆਪਣੀ ਪੋਤਰੀ ਜੈ ਕੌਰ ਦੀ ਲੋਹੜੀ ਮਨਾਈ



ਸੰਗਾਲਾ/ਧੂਰੀ (ਰਣਜੀਤ ਸਿੰਘ ਪੇਧਨੀ) ਉੱਘੇ ਸਮਾਜ ਸੇਵੀ ਅਸੋਕ ਕੁਮਾਰ ਨੇ ਆਪਣੀ ਪੋਤਰੀ ਕਾਇਨਾਤ ਕੌਰ ਪੁੱਤਰੀ ਅਰਸਦੀਪ ਸਿੰਘ ਦੀ ਲੋਹੜੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਪਰਿਵਾਰ ਵੱਲੋਂ ਆਪਣੇ ਘਰ ਵਿਖੇ ਮਨਾਈ ਗਈ। ਕਾਇਨਾਤ ਕੌਰ ਦੀ ਲੋਹੜੀ ਘਰ ਵਿੱਚ ਮਨਾਉਣ ਤੋ ਬਾਅਦ ਅਨਾਜ ਮੰਡੀ ਵਿੱਚ ਬੈਠੇਉੱਗੀਆਂ ਝੋਪੜੀਆਂ ਵਾਲਿਆਂ ਵਿੱਚ ਜਾ ਕੇ ਲੋਹੜੀ ਦੀ ਖੁਸ਼ੀ ਮਨਾਈ ਗਈ। । ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਉੱਘੇ ਸਮਾਜ ਸੇਵੀ ਡਾਕਟਰ ਅਸੋਕ ਕੁਮਾਰ ਨੇ ਕਿਹਾ ਕਿ ਜਿੱਥੇ ਅਸੀਂ ਘਰ ਵਿੱਚ ਮੁੰਡਾ ਹੋਣ ਤੇ ਪਰਿਵਾਰ ਵਧਣ ਕਰਕੇ ਮੁੰਡਿਆਂ ਦੀ ਲੋੜੀ ਮਨਾਉਂਦੇ ਹਾਂ। ਉੱਥੇ ਹੀ ਇਸ ਸਮਾਜ ਦੇ ਵਿੱਚ ਕੁੜੀਆਂ ਦਾ ਬਹੁਤ ਵੱਡਾ ਯੋਗਦਾਨ ਹੈ, ਸਮਾਜ ਨੂੰ ਚਾਹੀਦਾ ਹੈ ਕਿ ਮੁੰਡਿਆਂ ਨਾਲੋਂ ਕੁੜੀਆਂ ਦੀ ਲੋੜੀ ਜ਼ਿਆਦਾਤਰ ਮਨਾ ਕੇ ਕੁੜੀਆਂ ਨੂੰ ਬਣਦਾ ਸਮਾਜ ਵਿੱਚ ਸਤਿਕਾਰ ਦਿੱਤਾ ਜਾਵੇ।

### ਬੀਬਾ ਹਰਸਿਮਰਤ ਕੌਰ ਬਾਦਲ

# ਤਖਤ ਸ੍ਰੀ ਦਮਦਮਾ ਸਾਹਿਬ ਹੋਏ ਨਤਮਸਤਕ





ਤਲਵੰਡੀ ਸਾਬੋ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)- ਲੋਕ ਸਭਾ ਹਲਕਾ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਸਾਬਕਾ ਕੇਂਦਰੀ ਮੰਤਰੀ ਅੱਜ ਸਿੱਖ ਕੌਮ ਦੇ ਚੌਥੇ ਤਖਤ, ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਣ ਪੁੱਜੇ ਜਿੱਥੇ ਉਨਾਂ ਨੇ ਗੁਰਬਾਣੀ ਕੀਰਤਨ ਸ੍ਰਵਣ ਕੀਤਾ ਉੱਥੇ ਸਰਬੱਤ ਦੇ ਭਲੇ ਦੀ ਅਰਦਾਸ ਕਰਵਾਈ। ਤਖਤ ਸਾਹਿਬ ਪੁੱਜਣ ਤੇ ਸ਼੍ਰੋਮਣੀ ਅਕਾਲੀ ਦਲ (ਬ) ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ ਨੇ ਬੀਬਾ ਹਰਸਿਮਰਤ ਕੌਰ ਨੂੰ ਜੀ ਆਇਆਂ ਆਖਿਆ। ਬੀਬਾ ਬਾਦਲ ਨੇ ਤਖਤ ਸਾਹਿਬ ਮੱਥਾ ਟੇਕਿਆ ਅਤੇ ਕੁਝ ਸਮਾਂ ਕੀਰਤਨ ਸ੍ਰਵਣ ਕੀਤਾ। ਗੁ:ਦਮਦਮਾ ਸਾਹਿਬ ਵਿਖੇ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਬੀਬਾ ਬਾਦਲ ਨੂੰ ਸਿਰੋਪਾਉ ਦੀ ਬਖਸ਼ਿਸ਼ ਕੀਤੀ।ਇਸ ਮੌਕੇ ਤਖਤ ਸਾਹਿਬ ਦੇ ਮੈਨੇਜ਼ਰ ਭਾਈ ਨਰਿੰਦਰਜੀਤ ਸਿੰਘ ਤੇ ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਜੰਟ ਸਿੰਘ ਵੀ ਮੌਜੂਦ ਸਨ। ਉੱਧਰ ਹਰਸਿਮਰਤ ਕੌਰ ਨੇ ਇਸ ਮੌਕੇ ਜਿੱਥੇ ਸਿੱਖ ਕੌਮ ਦੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਦੇ ਭੌਰਾ ਸਾਹਿਬ ਪਹੁੰਚ ਕੇ ਦਰਸ਼ਨ ਦੀਦਾਰੇ ਕੀਤੇ ਉੱਥੇ ਗੁ:ਲਿਖਣਸਰ ਸਾਹਿਬ ਵਿਖੇ ਪੈਂਤੀ ਵੀ ਲਿਖੀ।ਉਨਾਂ ਨੇ ਇਸ ਮੌਕੇ ਪੱਤਰਕਾਰਾਂ ਨਾਲ ਕਿਸੇ ਕਿਸਮ ਦੀ ਸਿਆਸੀ ਗੱਲ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਇੱਕ ਸ਼ਰਧਾਲੂ ਵਜੋਂ ਤਖਤ ਸਾਹਿਬ ਨਤਮਸਤਕ ਹੋਣ ਆਏ ਹਨ ਤੇ ਉਨਾਂ ਤਖਤ ਸਾਹਿਬ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਵਾਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਤਾਬਲ ਸਿੰਘ ਸੁੱਖੀ ਨਿੱਜੀ ਸਹਾਇਕ ਸਿੱਧੂ, ਲਾਲੀ ਧਾਲੀਵਾਲ, ਮਨਜੀਤ ਸਿੰਘ ਭਾਗੀਵਾਂਦਰ, ਸੰਦੀਪ ਸਿੰਘ ਨਿੱਕਾ ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖੀ ਵਿਰੋਧੀ ਤਾਕਤਾਂ ਦੇ ਨਕਸ਼ੇ ਕਦਮ 'ਤੇ ਚਲ ਕੇ

# ਅਕਾਲ ਤਖਤ ਨਾਲ ਮੱਥਾ ਲਾਉਣ ਤੋਂ ਬਾਜ ਆਉਣ ਭਗਵੰਤ ਮਾਨ: ਸਰਨਾ



ਨਵੀਂ ਦਿੱਲੀ, 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ, ਚਿਤਵਾਨੀ ਦਿੱਤੀ ਹੈ ਕਿ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਿੱਖੀ ਵਿਰੋਧੀ ਤਾਕਤਾਂ ਦੇ ਨਕਸ਼ੇ ਕਦਮ 'ਤੇ ਚਲ ਕੇ ਸ੍ਰੀ ਅਕਾਲ ਤਖਤ ਨਾਲ ਮੱਥਾ ਲਾਉਣ ਤੋਂ ਬਾਜ ਆਵੇ, ਵਰਨਾ ਸਿੱਖ ਇਤਿਹਾਸ ਵਿਚ ਭਗਵੰਤ ਮਾਨ ਦਾ ਨਾਂਅ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ। ਅੱਜ ਪ੍ਰੈਸ ਕਾਨਫਰੰਸ ਦੌਰਾਨ ਸ. ਸਰਨਾ ਨੇ ਕਿਹਾ ਕਿ ,ਸੱਤਾ ਦੇ ਨਸ਼ੇ ਅਤੇ ਹੰਕਾਰ ਵਿਚ ਆ ਕੇ ਭਗਵੰਤ ਮਾਨ ਮੌਜੂਦਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਸ ਨੂੰ ਢਾਹ ਲਾਉਣ ਅਤੇ ਸਿੱਧੇ-ਅਸਿੱਧੇ ਤਰੀਕੇ ਨਾਲ ਅਕਾਲ ਤਖਤ ਨੂੰ ਚੁਨੌਤੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਨਾਲ ਇਹ ਬਿਲਕੁਲ ਸਪਸ਼ਟ ਹੋ ਗਿਆ ਹੈ ਕਿ ਭਗਵੰਤ ਮਾਨ, ਉਹੀ ਕੁੱਝ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਸਿੱਖੀ ਵਿਰੋਧੀ ਤਾਕਤਾਂ ਚਾਹੁੰਦੀਆਂ ਹਨ । ਪਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ, ਭਗਵੰਤ ਮਾਨ ਦੇ ਮਨਸੂਬੇ ਕਿਸੀ ਵੀ ਕੀਮਤ 'ਤੇ ਸਫਲ ਨਹੀਂ ਹੋਣ ਦਿੱਤੇ ਜਾਣਗੇ। ਸਰਨਾ ਨੇ ਇਹ ਵੀ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਜੋ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਗਏ ਸੀ ਅਤੇ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਸਮਾਗਮਾਂ 'ਚ ਖਲਲ ਪਾਉਣ ਦੀ ਬੜੀ ਕੋਸ਼ਿਸ਼ ਕੀਤੀ। ਪਰ ਭਗਵੰਤ ਮਾਨ ਨੂੰ ਉਸ ਸਮੇਂ ਬੜੀ ਵੱਡੀ ਸੱਟ ਵੱਜੀ ਜਦੋਂ ਸ਼੍ਰੋਮਣੀ ਕਮੇਟੀ ਦੇ ਸਮਾਗਮਾਂ 'ਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਭਗਵੰਤ ਮਾਨ ਨੂੰ ਕਿਸੇ ਨੇ ਮੂੰਹ ਨਹੀਂ ਲਾਇਆ । ਸਰਨਾ ਨੇ ਕਿਹਾ ਕਿ ਇਸ ਤੋਂ ਗੁੱਸੇ 'ਚ ਆ ਕੇ ਭਗਵੰਤ ਮਾਨ ਨੇ ਦਸਵੰਧ, ਗੁਰੂ ਦੀ ਗੋਲਕ ਸਮੇਤ ਹੋਰ ਸਿੱਖੀ ਰਵਾਇਤਾਂ 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਜੋ ਗੁਰੂ ਸਾਹਿਬ ਦੇ ਸਮੇਂ ਤੋਂ ਚਲਦੀਆਂ ਆ ਰਹੀਆਂ ਸਨ । ਇਨ੍ਹਾਂ ਕਾਰਨਾਂ ਕਰਕੇ ਹੀ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ, ਸਪਸ਼ਟੀਕਰਨ ਵਾਸਤੇ ਭਗਵੰਤ ਮਾਨ ਨੂੰ ਤਲਬ ਕੀਤਾ ਗਿਆ ਤਾਂ ਇਸ ਨੇ ਜਥੇਦਾਰ ਸਾਹਿਬਾਨ ਦੇ ਕਾਰਜਾਂ ਵਿਚ ਹੀ ਨੁਕਸ ਕੱਢਣੇ ਸ਼ੁਰੂ ਕਰ ਦਿੱਤੇ । ਉਨ੍ਹਾਂ ਕਿਹਾ ਕਿ ਕਿੰਨੀ ਹੈਰਾਨ ਦੀ ਗੱਲ ਹੈ ਪਹਿਲਾਂ ਇਸ ਨੇ ਕਿਹਾ ਕਿ ਮੈਂ ਨੰਗੇ ਪੈਰ ਆਵਾਂਗਾ ਪਰ ਥੋੜੀ ਦੇਰ ਬਾਅਦ ਹੀ ਸ਼ਰਤਾਂ ਰੱਖਣ ਲੱਗ ਪਿਆ ।

> **ਭਗਵੰਤ ਮਾਨ, ਉਹੀ ਕੁੱਝ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਸਿੱਖੀ ਵਿਰੋਧੀ ਤਾਕਤਾਂ ਚਾਹੁੰਦੀਆਂ ਹਨ**

ਉਨ੍ਹਾਂ ਇਹ ਵੀ ਕਿਹਾ ਕਿ ਮਾਨ ਵੱਲੋਂ ਆਪਣੀ ਯੋਜਨਾ ਨੂੰ ਅੰਜਾਮ ਦੇਣ ਲਈ, ਐਸਆਈਟੀ ਰਾਹੀਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਡਰਾਉਣ ਧਮਕਾਉਣ ਲਈ ਵੀ ਹਰ ਹਰਬਾ ਵਰਤਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ ਹੈ । ਸਰਨਾ ਨੇ ਕਿਹਾ ਕਿ ਦਰਅਸਲ ਪੰਜਾਬ ਵਿਚ ਮਾਨ ਸਰਕਾਰ ਹਰ ਮੋਰਚੇ 'ਤੇ ਫੇਲ ਹੋ ਚੁੱਕੀ ਹੈ,ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੇ ਦਾਅਵੇ ਫੋਕੇ ਸਾਬਤ ਹੋ ਚੁੱਕੇ ਹਨ, ਗੈਂਗਸਟਰ ਸਰੇਆਮ ਲੁੱਟਾਂ ਖੋਹਾਂ ਕਰ ਰਹੇ ਹਨ ਅਤੇ ਪੰਜਾਬ ਵਿਚ ਅਮਨ ਕਾਨੂੰਨ ਕਿਸੇ ਪਾਸੇ ਨਜ਼ਰ ਨਹੀਂ ਆ ਰਿਹਾ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਸਹਿਮੇ ਪੰਜਾਬ ਦੇ ਲੋਕਾਂ ਵੱਲੋਂ ਭਗਵੰਤ ਮਾਨ ਨੂੰ ਰੋਜ਼ਾਨਾ ਹੀ ਫਿਟਕਾਰਾਂ ਪਾਈਆਂ ਜਾ ਰਹੀਆਂ ਹਨ । ਸਰਨਾ ਨੇ ਕਿਹਾ ਕਿ ਹੁਣ ਭਗਵੰਤ ਮਾਨ ਨੂੰ ਵੀ ਸਮਝ ਆ ਗਿਆ ਹੈ ਕਿ ਉਸ ਦੀ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਚੁੱਕੀ ਹੈ ਅਤੇ ਉਸ ਨੂੰ ਇਹ ਵੀ ਡਰ ਸਤਾ ਰਿਹਾ ਹੈ ਕਿ ਜਦੋਂ 2027 ਵਿਚ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣੇਗੀ ਤਾਂ ਉਸ (ਮਾਨ) ਕੋਲੋਂ ਸਾਰੇ ਗੁਨਾਹਾਂ ਦਾ ਹਿਸਾਬ ਲਿਆ ਜਾਵੇਗਾ। ਇਸ ਲਈ ਭਗਵੰਤ ਮਾਨ ਹੁਣ ਸਿੱਖੀ ਵਿਰੋਧੀ ਤਾਕਤਾਂ ਨੂੰ ਖ਼ੁਸ਼ ਕਰਨ ਦੀ ਰਾਹ 'ਤੇ ਤੁਰ ਪਿਆ ਹੈ,ਜਿਸ ਦੇ ਕਾਰਨ ਸਿੱਖਾਂ ਦੀਆਂ ਸਭਵੱਡੀਆਂ ਸੰਸਥਾਵਾਂ ਨੂੰ ਨਿਸ਼ਾਨਾਂ ਬਣਾ ਕੇ, ਮੁੜ ਤੋਂ ਸੱਤਾ 'ਚ ਆਉਣ ਦੇ ਸੁਪਨੇ ਵੇਖਣ ਲੱਗ ਪਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਮਨਰੇਗਾ ਨੂੰ ਖਤਮ ਕਰਨ ਦੀਆਂ ਆਵਾਜ਼ਾਂ ਦਰਮਿਆਨ ਕੇਂਦਰ ਕੋਈ ਸੰਤੁਸ਼ਟੀਜਨਕ ਜਵਾਬ ਨਹੀ ਦੇ ਸਕਿਆ- ਸਿੱਧੂ



ਤਲਵੰਡੀ ਸਾਬੋ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)- ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਨੂੰ ਖਤਮ ਕਰਕੇ ਲਿਆਂਦੇ ਨਵੇਂ ਕਾਨੂੰਨ ਦੇ ਖਿਲਾਫ ਲਗਾਤਾਰ ਆਵਾਜ਼ ਬੁਲੰਦ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਅਜੇ ਤੱਕ ਲੋਕਾਂ ਅਤੇ ਖਾਸ ਕਰਕੇ ਮਨਰੇਗਾ ਕਾਮਿਆਂ ਨੂੰ ਕੋਈ ਸੰਤੁਸ਼ਟੀਜਨਕ ਜਵਾਬ ਨਹੀ ਦੇ ਸਕੀ ਜਿਸ ਕਾਰਨ ਉਨਾਂ 'ਚ ਅਸੰਤੋਸ਼ ਵਧਦਾ ਜਾ ਰਿਹਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ 'ਚ ਸਿਆਸੀ ਤੌਰ 'ਤੇ ਸਰਗਰਮ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਹਲਕੇ ਦੇ ਦੂਜੇ ਦਿਨ ਦੇ ਦੌਰੇ ਸਮੇਂ ਲੋਕਾਂ ਨਾਲ ਮੁਲਾਕਾਤ ਉਪਰੰਤ ਕੀਤਾ। ਸਬ ਡਵੀਜ਼ਨ ਤਲਵੰਡੀ ਸਾਬੋ ਦੇ ਸੀਂਗੋ ਇਲਾਕੇ ਦੇ ਕਈ ਪਿੰਡਾਂ 'ਚ ਅੱਜ ਜਿੱਥੇ ਗੁਰਬਾਜ਼ ਸਿੰਘ ਸਿੱਧੂ ਕਾਂਗਰਸੀ ਵਰਕਰਾਂ ਤੇ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਸ਼ਾਮਿਲ ਹੋਏ ਉੱਥੇ ਉਨਾਂ ਨੇ ਲੋਕ ਮੁਸ਼ਿਕਲਾਂ ਸੁਣਦਿਆਂ ਉਨਾਂ ਦੇ ਜਲਦ ਹੱਲ ਦਾ ਯਕੀਨ ਵੀ ਦਵਾਇਆ। ਸਿੱਧੂ ਨੇ ਇਸ ਮੌਕੇ ਮਨਰੇਗਾ ਨੂੰ ਖਤਮ ਕਰਨ 'ਤੇ ਜਿੱਥੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਨਵੇਂ ਕਾਨੂੰਨ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਕੇ ਮਨਰੇਗਾ ਚਾਲੂ ਰੱਖਣ ਦੀ ਮੰਗ ਕੀਤੀ ਉੱਥੇ ਉਨਾਂ ਨੇ ਹੋਰਨਾਂ ਰਾਜਸੀ ਧਿਰਾਂ ਨੂੰ ਵੀ ਘੇਰਿਆ ।ਉਨਾਂ ਅਨੁਸਾਰ ਕਾਨੂੰਨ ਪਾਸ ਹੋਣ ਸਮੇਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਸੰਸਦ 'ਚ ਜ਼ੋਰਦਾਰ ਵਿਰੋਧ ਤੋਂ ਸੰਕੋਚ ਰੱਖਿਆ ਜਦੋਂਕਿ ਅਕਾਲੀ ਆਗੂ ਤਾਂ ਭਾਜਪਾ ਦੇ ਮੋਹ ਸਦਕਾ ਬਿਆਨ ਵੀ ਬੜੇ ਸੋਚ ਸੋਚ ਕੇ ਦੇ ਰਹੇ ਹਨ ਕਿਉਂਕਿ ਉਕਤ ਧਿਰਾਂ ਨੂੰ ਮਨਰੇਗਾ ਕਾਮਿਆਂ ਨਾਲ ਕੋਈ ਬਹੁਤਾ ਸਰੋਕਾਰ ਨਹੀ ਜਦੋਂਕਿ ਕਾਂਗਰਸ ਉਨਾਂ ਦੀ ਲੜਾਈ ਡਟ ਕੇ ਲੜ ਰਹੀ ਹੈ। ਸਿੱਧੂ ਨਾਲ ਇਸ ਮੌਕੇ ਮਨਜੀਤ ਸਿੰਘ ਲਾਲੇਆਣਾ ਹਲਕਾ ਪ੍ਰਧਾਨ ਜੱਟਮਹਾਂ ਸਭਾ, ਡੂੰਗਰ ਸਿੰਘ ਸੀਂਗੋ, ਗੁਰਾਂਦਿੱਤਾ ਸਿੰਘ ਸੀਂਗੋ, ਬਾਬੂ ਸਿੰਘ ਗੋਲੇਵਾਲਾ, ਕ੍ਰਿਸ਼ਨ ਯਾਦਵ, ਸੁਰਜੀਤ ਸ਼ਰਮਾ ਜਗਾ ਰਾਮ ਤੀਰਥ, ਹੈਪੀ ਬਹਿਮਣ, ਅਮਰੀਕ ਸਿੰਘ ਸੀਂਗੋ, ਬੂਟਾ ਮਿਰਜ਼ੇਆਣਾ, ਸੁੱਖੀ ਮੈਨੂੰਆਣਾ, ਗੁਰਮੀਤ ਸਿੰਘ ਜਗਾ ਆਦਿ ਆਗੂ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਕਾਂਖਿਆਵਾਂ ਤੋਂ ਰੁਜ਼ਗਾਰ ਤੱਕ: ਰਾਸ਼ਟਰੀ ਯੁਵਾ ਦਿਵਸ 'ਤੇ ਸਾਂਸਦ ਸਾਹਨੀ ਦੀ ਨੌਜਵਾਨਾਂ ਨਾਲ ਗੱਲਬਾਤ




ਨਵੀਂ ਦਿੱਲੀ 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਰਾਸ਼ਟਰੀ ਯੁਵਾ ਦਿਵਸ ਦੇ ਮੌਕੇ 'ਤੇ ਨਵੀਂ ਦਿੱਲੀ ਦੇ ਵਿਸ਼ਵ ਪੱਧਰੀ ਹੁਨਰ ਕੇਂਦਰ ਵਿਖੇ ਇੱਕ ਯੂਥ ਟਾਊਨਹਾਲ ਦਾ ਆਯੋਜਨ ਕੀਤਾ। ਇਸ ਸਮਾਗਮ ਦੌਰਾਨ, ਉਨ੍ਹਾਂ ਨੇ ਨੌਜਵਾਨਾਂ ਨਾਲ ਉਨ੍ਹਾਂ ਦੀਆਂ ਇੱਛਾਵਾਂ, ਚੁਣੌਤੀਆਂ ਅਤੇ ਭਵਿੱਖ ਦੀਆਂ ਇੱਛਾਵਾਂ ਬਾਰੇ ਇੱਕ ਖੁੱਲ੍ਹੀ ਅਤੇ ਇੰਟਰਐਕਟਿਵ ਚਰਚਾ ਕੀਤੀ। ਨੌਜਵਾਨਾਂ ਨੇ ਟਾਊਨਹਾਲ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਰੁਜ਼ਗਾਰ, ਹੁਨਰ, ਆਰਥਿਕ ਸੁਰੱਖਿਆ ਅਤੇ ਮਾਨਸਿਕ ਸਿਹਤ ਨਾਲ ਸਬੰਧਤ ਮੁੱਦਿਆਂ 'ਤੇ ਉਸਾਰੂ ਗੱਲਬਾਤ ਵਿੱਚ ਹਿੱਸਾ ਲਿਆ। ਡਾ. ਸਾਹਨੀ ਨੇ ਕਿਹਾ ਕਿ ਰਾਸ਼ਟਰੀ ਯੁਵਾ ਦਿਵਸ ਸਿਰਫ਼ ਇੱਕ ਯਾਦਗਾਰੀ ਦਿਨ ਨਹੀਂ ਹੈ, ਬਲਕਿ ਇਹ ਯਾਦ ਦਿਵਾਉਂਦਾ ਹੈ ਕਿ ਨੌਜਵਾਨਾਂ ਨਾਲ ਜੁੜਨਾ, ਉਨ੍ਹਾਂ ਨੂੰ ਸੁਣਨਾ ਅਤੇ ਸਮਝਣਾ, ਉਨ੍ਹਾਂ ਨੂੰ ਸਸ਼ਕਤ ਬਣਾਉਣ ਵੱਲ ਪਹਿਲਾ ਕਦਮ ਹੈ। ਡਾ. ਸਾਹਨੀ ਨੇ ਕਿਹਾ ਕਿ ਇਸ ਸੰਵਾਦ ਦੌਰਾਨ, ਵਿਦਿਆਰਥੀਆਂ ਨੇ ਮੁੱਖ ਤੌਰ 'ਤੇ ਰੁਜ਼ਗਾਰ ਦੇ ਮੌਕੇ, ਕਰੀਅਰ ਦੀ ਅਨਿਸ਼ਿਚਤਤਾ ਅਤੇ ਵਧਦੇ ਤਣਾਅ ਵਰਗੇ ਮੁੱਦਿਆਂ ਬਾਰੇ ਗੱਲਬਾਤ ਕੀਤਾ। ਸਿੱਖਿਆ ਅਤੇ ਰੁਜ਼ਗਾਰ ਵਿਚਲੇ ਪਾੜੇ ਨੂੰ ਪੂਰਾ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤ ਹੁਨਰ-ਅਧਾਰਤ ਸਿੱਖਿਆ, ਅਪ੍ਰੈਂਟਿਸਸ਼ਿਪਾਂ ਅਤੇ ਯਕੀਨੀ ਰੁਜ਼ਗਾਰ ਦੇ ਰਾਹ ਨੂੰ ਵਿਕਸਤ ਕੀਤੇ ਬਿਨਾਂ ਆਪਣੀ ਜਨਸੰਖਿਆ ਦੇ ਫ਼ਾਇਦਿਆਂ ਦੀ ਪੂਰੀ ਵਰਤੋਂ ਨਹੀਂ ਕਰ ਸਕਦਾ। ਸਵਾਮੀ ਵਿਵੇਕਾਨੰਦ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦੇ ਹੋਏ, ਡਾ. ਸਾਹਨੀ ਨੇ ਕਿਹਾ ਕਿ ਮਾਨਸਿਕ ਤਾਕਤ ਅਤੇ ਚਰਿੱਤਰ ਨਿਰਮਾਣ ਨੌਜਵਾਨ ਸਸ਼ਕਤੀਕਰਨ ਦੀ ਨੀਂਹ ਹਨ, ਅਤੇ ਇਹ ਕਦਰਾਂ-ਕੀਮਤਾਂ ਰਾਸ਼ਟਰ ਨਿਰਮਾਣ ਦੀ ਦਿਸ਼ਾ ਨੂੰ ਮਜ਼ਬੂਤ ਕਰਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਨਵ-ਜਨਮੀਆਂ ਬਾਲੜੀਆਂ ਦੇ ਹੱਕ ਵਿਚ

# ਪਠਲਾਵਾ ਪਿੰਡ ਵਿਚ ਗੂੰਜੀ ਬੁਲੰਦ ਅਵਾਜ਼


























**ਹਰਪ੍ਰੀਤ ਸਿੰਘ ਪਠਲਾਵਾ ਦੀ ਵਿਸ਼ੇਸ਼ ਰਿਪੋਰਟ**

ਬਾਲੜੀਆਂ ਨਾਲ ਸਮਾਜ ਵਿਚ ਹੋ ਰਹੇ ਵਿਤਕਰੇ ਅਤੇ ਹੋ ਰਹੇ ਘਿਨੌਣੇ ਅਪਰਾਧਾਂ ਪ੍ਰਤੀ ਸਮਾਜ ਦੇ ਨਜ਼ਰੀਏ ਨੂੰ ਬਦਲਣ ਹਿੱਤ ਨਵ ਜਨਮੀਆਂ ਬਾਲੜੀਆਂ ਦੀ ਲੋਹੜੀ ਵੰਡਣ ਤਹਿਤ ਵਾਰੀਆ ਪਰਿਵਾਰ ਦੇ ਗ੍ਰਹਿ ਪਿੰਡ ਪਠਲਾਵਾ ਵਿਖੇ ਵਾਰੀਆ ਪਰਿਵਾਰ ਦੇ ਪਾਰਕ ਵਿੱਚ ਇਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਉਪਕਾਰ ਕੋਆਰਡੀਨੇਸ ਸੁਸਾਇਟੀ ਨਵਾਂ ਸ਼ਹਿਰ ਦੇ ਪ੍ਰਧਾਨ ਸ ਜਸਪਾਲ ਸਿੰਘ ਗਿੱਦਾ, ਮਾਸਟਰ ਗੁਰਚਰਨ ਸਿੰਘ ਬਸਿਆਲਾ ਅਤੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਵਲੋਂ ਸਾਂਝੇ ਤੌਰ ਤੇ ਕੀਤੀ ਗਈ । ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਪ੍ਰਿੰਸੀਪਲ ਜਸਪਾਲ ਸਿੰਘ ਗਿੱਦਾ, ਗੁਰਚਰਨ ਸਿੰਘ ਬਸਿਆਲਾ, ਪ੍ਰਿੰਸੀਪਲ ਬਿਕਰਮਜੀਤ ਸਿੰਘ,ਮਾ ਰਮੇਸ਼ ਕੁਮਾਰ ਪਠਲਾਵਾ, ਸ ਦਿਲਾਵਰ ਸਿੰਘ ਬੈਂਸ , ਮਾਸਟਰ ਮਾਸਟਰ ਅਸ਼ੋਕ ਕੁਮਾਰ ਪਠਲਾਵਾ ਅਤੇ ਸੰਸਥਾ ਦੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ , ਬੁਲਾਰਿਆਂ ਨੇ ਇਕ ਸੁਰ ਵਿਚ ਆਖਿਆ ਕਿ ਫਿਜ਼ਾ ਕਰਵਟ ਲੈ ਰਹੀਂ ਹੈ ਬਾਲੜੀਆਂ ਆਪਣੇ ਦਮ ਤੇ ਜ਼ਿੰਦਗੀ ਦੇ ਹਰ ਮੁਕਾਮ ਤੇ ਪੁਹੰਚ ਕੇ ਸ.ਫਲਤਾ ਦੇ ਝੰਡੇ ਗੱਡ ਰਹੀਆਂ ਹਨ। ਪਰ ਦੁਖ ਇਸ ਗੱਲ ਦਾ ਹੈ ਕਿ ਫਿਰ ਵੀ ਅਸੀਂ ਬਾਲੜੀਆਂ ਦੀ ਲੋਹੜੀ ਵੰਡਣ ਅਤੇ ਉਨਾਂ ਨੂੰ ਘਰਾਂ ਵਿਚ ਜਨਮ ਦੇਣ ਤੋਂ ਗੁਰੇਜ ਕਰ ਰਹੇ ਹਾਂ। ਪਰ ਬਾਲੜੀਆਂ ਦੇ ਹੱਕ ਵਿਚ ਸਮਾਜ ਵਿਚੋਂ ਉੱਠ ਰਹੀ ਅਵਾਜ਼ਾਂ ਨਵੀਂ ਕਰਵਟ ਲੈ ਰਹੀਂ ਹੈ ਜਿਸ ਦਾ ਸੁਆਗਤ ਕੀਤਾ ਜਾਣਾ ਬਣਦਾ ਹੈਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਉਪ ਚੇਅਰਮੈਨ ਸ੍ਰੀ ਪਰਵਿੰਦਰ ਸਿੰਘ ਰਾਣਾ, ਸੰਦੀਪ ਕੁਮਾਰ ਗੌੜ, ਪ੍ਰੋ ਚਰਨਜੀਤ ਸਿੰਘ ਪੋਸੀ, ਆਤਮਾਂ ਸਿੰਘ ਸੂਰਾਪੁਰ,ਸ ਦਿਲਾਵਰ ਸਿੰਘ ਬੈਂਸ ਸਰਪੰਚ ਪਠਲਾਵਾ,ਸ ਹਰਪਾਲ ਸਿੰਘ ਸਾਬਕਾ ਸਰਪੰਚ ਪਠਲਾਵਾ,,ਅਵਤਾਰ ਸਿੰਘ ਸੂਰਾਪੁਰ, ਸਤੀਸ਼ ਕੁਮਾਰ ਐਮਾਂ ਜਟਾਂ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਡਾ ਪਰਮਿੰਦਰ ਸਿੰਘ ਵਾਰੀਆ, ਪ੍ਰੈਸ ਸਕੱਤਰ ਜੀ ਚੰਨੀ ਪਠਲਾਵਾ, ਕੁਲਵਿੰਦਰ ਸਿੰਘ ਲਾਲੀ, ਰਜਿੰਦਰ ਸਿੰਘ ਜਿੰਦਾ, ਬਲਜੀਤ ਸਿੰਘ, ਗੁਰਦੇਵ ਰਾਮ,ਚਰਨ ਦਾਸ ,ਪਾਖਰ ਰਾਮ ,ਹਰਪਾਲ ਸਿੰਘ ਹੰਸਰੋਂ, ਸੰਸਥਾ ਦੇ ਇਸਤਰੀ ਵਿੰਗ ਦੇ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ ਵਾਰੀਆ ਸਰਪ੍ਰਸਤ ਸਰਦਾਰਨੀ ਸੁਲਿੰਦਰ ਕੌਰ ਵਾਰੀਆ,ਡਾ ਵਰਿੰਦਰ ਕੌਰ ਵਾਰੀਆ ਮੈਡਮ ਜੋਤੀ ਬੱਗਾ, ਮੈਡਮ ਹਰਬੰਸ ਕੌਰ, ਮੈਡਮ ਰਜਿੰਦਰ ਕੌਰ ਗਿੱਦਾ, ਮੈਡਮ ਨਿਰਮਲ ਕੌਰ, ਮੈਡਮ ਦਰਸ਼ਨ ਕੌਰ, ਮੈਡਮ ਜਸਵਿੰਦਰ ਕੌਰ ਬੱਲ, ਮੈਡਮ ਕਮਲਜੀਤ ਕੌਰ ਸ੍ਰੀ ਪਰਮਿੰਦਰ ਸਿੰਘ ਸੌਨਾ ਬਸਿਆਲਾ, ਮੈਡਮ ਪਰਮਜੀਤ ਕੌਰ, ਰਵਿੰਦਰ ਕੌਰ, ਬਲਵਿੰਦਰ ਕੌਰ, ਕਮਲਜੀਤ ਕੌਰ ਐਮਾਂ ਜਟਾਂ, ਰਮਨਜੀਤ ਕੌਰ ਪਠਲਾਵਾ , ਸਮਾਗਮ ਦੇ ਆਖ਼ਿਰ ਵਿਚ ਬੇਟੀਆਂ ਦੇ ਹੱਕ ਵਿੱਚ ਢੋਲ ਦੇ ਡਗੇ ਤੇ ਪੂਰੇ ਪਿੰਡ ਵਿਚ ਵਿਸ਼ਾਲ ਅਵਾਜ਼ ਨੂੰ ਬੁਲੰਦ ਕੀਤਾ ਗਿਆ ਇਸ ਮੌਕੇ ਗਾਇਕ ਪ੍ਰਮਜੀਤ ਸਿੰਘ ਪੰਮਾ ਮੰਨਣਹਾਣੇ ਵਾਲਿਆਂ ਵਲੋਂ ਧੀਆਂ ਦੀ ਲੋਹੜੀ ਨੂੰ ਉਤਸ਼ਾਹਿਤ ਕਰਦਾ ਗੀਤ ਪੇਸ਼ ਕਰਕੇ ਮਹੌਲ ਨੂੰ ਜਜ਼ਬਾਤੀ ਬਣਾ ਦਿੱਤਾ

ਆਵਾਜ਼ਿ ਕੌਮ AWAZE QAUM International Newspaper & WEB TV

# ਡਾ. ਜਯੋਤੀ ਯਾਦਵ ਬੈਂਸ ਨੇ ਐਸਐਸਪੀ ਬਠਿੰਡਾ ਵਜੋਂ ਸੰਭਾਲਿਆ ਅਹੁਦਾ



ਬਠਿੰਡਾ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)- 2019 ਬੈਚ ਦੇ ਆਈਪੀਐਸ ਅਧਿਕਾਰੀ ਡਾ. ਜਯੋਤੀ ਯਾਦਵ ਬੈਂਸ ਨੇ ਅੱਜ ਇਥੇ ਐਸਐਸਪੀ ਬਠਿੰਡਾ ਵਜੋਂ ਅਹੁੱਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਡਾ. ਜਯੋਤੀ ਯਾਦਵ ਬੈਂਸ ਐਸਐਸਪੀ ਖੰਨਾ ਵਜੋਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ ਆਨਰ ਨਾਲ ਸਨਮਾਨਿਤ ਵੀ ਕੀਤਾ ਗਿਆ। ਆਪਣਾ ਅਹੁਦਾ ਸੰਭਾਲਣ ਉਪਰੰਤ ਜ਼ਿਲ੍ਹਾ ਪੁਲਿਸ ਮੁਖੀ ਡਾ. ਜਯੋਤੀ ਯਾਦਵ ਬੈਂਸ ਨੇ ਪੁਲਿਸ ਪ੍ਰਸ਼ਾਸ਼ਨ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਹਰ ਕੀਮਤ 'ਤੇ ਬਰਕਰਾਰ ਰੱਖਣਾ ਪੁਲਿਸ ਦੀ ਸਭ ਤੋਂ ਵੱਡੀ ਤਰਜੀਹ ਹੋਵੇਗੀ। ਇਸ ਮੌਕੇ ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਨੇ ਕਿਹਾ ਕਿ ਨਸ਼ਾ ਤਸਕਰਾਂ ਅਤੇ ਗੈਰ-ਕਾਨੂੰਨੀ ਗਤਿਵਿਧੀਆਂ ਵਿੱਚ ਸ਼ਾਮਲ ਤੱਤਾਂ ਦੇ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ ਅਤੇ ਇਸ ਮਕਸਦ ਲਈ ਖੁਫੀਆ ਤੰਤਰ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਆਮ ਲੋਕਾਂ ਤੋਂ ਪੂਰਨ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਆਮ ਲੋਕ ਪੁਲਿਸ ਦੇ ਭਰੋਸੇਮੰਦ ਸਾਥੀ ਹਨ ਅਤੇ ਨਸ਼ੇ ਜਾਂ ਅਪਰਾਧ ਸਬੰਧੀ ਕਿਸੇ ਵੀ ਜਾਣਕਾਰੀ ਨੂੰ ਬਿਨਾਂ ਕਿਸੇ ਡਰ ਦੇ ਪੁਲਿਸ ਨਾਲ ਸਾਂਝਾ ਕੀਤਾ ਜਾਵੇ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਜਾਣਕਾਰੀ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ, ਸ਼ਾਂਤੀ ਅਤੇ ਭਰੋਸਾ ਕਾਇਮ ਰੱਖਣਾ ਪੁਲਿਸ ਦੀ ਮੁੱਖ ਜ਼ਿੰਮੇਵਾਰੀ ਹੈ ਅਤੇ ਇਸ ਦਿਸ਼ਾ ਵਿੱਚ ਕੋਈ ਵੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਐੱਸਐਮਓ ਤਲਵੰਡੀ ਸਾਬੋ ਵੱਲੋਂ ਬਲਾਕ ਦੇ ਸਾਰੇ ਸਬ ਸੈਂਟਰਾਂ ਦਾ ਕੀਤੀ ਗਈ ਚੈਕਿੰਗ





ਤਲਵੰਡੀ ਸਾਬੋ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)- ਅੱਜ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵੀ ਕਾਂਤ ਗੁਪਤਾ ਵੱਲੋਂ ਬਲਾਕ ਤਲਵੰਡੀ ਸਾਬੋ ਅਧੀਨ ਪੈਂਦੇ ਸਬ ਸੈਂਟਰਾਂ ਦਾ ਨਿਰੀਖਣ ਕੀਤਾ ਗਿਆ ਜਿਸ ਵਿੱਚ ਬਲਾਕ ਦੇ ਸੱਤ ਸੈਂਟਰ ਚੈੱਕ ਕੀਤੇ ਗਏ। ਇਸ ਦੌਰਾਨ ਹਰੇਕ ਸਬ ਸੈਂਟਰ ਦੇ ਸਟਾਫ ਦੀ ਹਾਜ਼ਰੀ ਯਕੀਨੀ ਬਣਾਉਣ ਦੇ ਲਈ ਸਟਾਫ ਨੂੰ ਹਦਾਇਤ ਕੀਤੀ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਰਵੀਕਾਂਤ ਗੁਪਤਾ ਨੇ ਦੱਸਿਆ ਕਿ ਸਬ ਸੈਂਟਰ ਜੀਵਨ ਸਿੰਘ ਵਾਲਾ, ਭਾਗੀਵਾਂਦਰ, ਲੇਲੇਵਾਲਾ, ਸ਼ੇਖਪੁਰਾ, ਸੰਦੋਹਾ, ਰਾਜਗੜ ਕੁੱਬੇ ਅਤੇ ਕਮਾਲੂ ਸਵੈਚ ਦਾ ਟੂਰ ਕੀਤਾ ਗਿਆ। ਉਹਨਾਂ ਦੱਸਿਆ ਕਿ ਹਰੇਕ ਸਬ ਸੈਂਟਰ ਉੱਪਰ ਸਿਹਤ ਪ੍ਰੋਗਰਾਮਾਂ ਦੀ ਚੈਕਿੰਗ ਕੀਤੀ ਗਈ ਜਿਸ ਵੀ ਪ੍ਰੋਗਰਾਮ ਦੇ ਤਹਿਤ ਕੋਈ ਵੀ ਕਮੀ ਪੇਸ਼ੀ ਪਾਈ ਗਈ ਉਸ ਨੂੰ ਪੂਰਾ ਕਰਨ ਦੀ ਹਦਾਇਤ ਕੀਤੀ ਗਈ। ਇਸ ਉਪਰੰਤ ਸਬ ਸੈਂਟਰ ਕਮਾਲੂ ਸਵੈਚ ਦੀ ਨਵੀਂ ਬਣੀ ਇਮਾਰਤ ਦਾ ਨਿਰੀਖਣ ਵੀ ਕੀਤਾ ਗਿਆ ਅਤੇ ਇਮਾਰਤ ਦੀਆਂ ਕਮੀਆਂ ਪੇਸ਼ੀਆਂ ਨੂੰ ਦੂਰ ਕਰਵਾਉਣ ਦੀ ਹਦਾਇਤ ਕੀਤੀ ਗਈ। ਸਮੂਹ ਸਬ ਸੈਂਟਰਾਂ ਦੇ ਸਮੂਹ ਸਟਾਫ ਨੂੰ ਚੰਗੀ ਤਰਾਂ ਨਾਲ ਅਤੇ ਇਮਾਨਦਾਰੀ ਨਾਲ ਕੰਮ ਕਰਨ ਦੇ ਲਈ ਉਤਸ਼ਾਹਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਅੱਜ ਲੋਹੜੀ 'ਤੇ ਵਿਸ਼ੇਸ਼

# ਖ਼ੁਸ਼ੀਆਂ ਖੇੜਿਆਂ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ-ਲੋਹੜੀ



**ਮਹਾਨ** ਕੋਸ਼ ਤੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਲੋਹੜੀ ਸ਼ਬਦ ਦਾ ਮੂਲ ਤਿਲ ਰੋੜੀ ਹੈ, ਜਿਸ ਤੋਂ ਤਿਲੋੜੀ ਹੋਇਆ ਅਤੇ ਇਸ ਦਾ ਰੂਪਾਂਤਰ ਲੋਹੜੀ ਹੈ । ਇਸ ਦਿਨ ਲੋਕ ਤਿਲ ਅਤੇ ਰਿਉੜੀ ਖਾਂਦੇ ਤੇ ਵੰਡਦੇ ਹਨ । ਇਹ ਤਿਉਹਾਰ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਅਤੇ ਪੋਹ ਦੇ ਮਹੀਨੇ ਦੀ ਪਿਛਲੇ ਰਾਤਰੀ ਨੂੰ ਹੁੰਦਾ ਹੈ । ਲੋਹੜੀ ਦਾ ਤਿਉਹਾਰ ਮਾਘ ਦੀ ਪੂਰਵ ਸੰਧਿਆ ਨੂੰ ਸਾਰੇ ਦੇਸ਼ ਅੰਦਰ ਥਾਂ-ਥਾਂ ਅੱਗ ਬਾਲ ਕੇ ਮਨਾਇਆ ਜਾਂਦਾ ਹੈ । ਪੁਰਾਤਨ ਸਮੇਂ ਤੋਂ ਮਨਾਏ ਜਾ ਰਹੇ ਇਸ ਤਿਉਹਾਰ ਬਾਰੇ ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਦਾ ਸੰਬੰਧ ਵੀ ਮੌਸਮ ਨਾਲ ਹੈ । ਕੜਾਕੇ ਦੀ ਸਰਦੀ ਵਾਲੇ ਪੋਹ ਮਹੀਨੇ ਦੇ ਖ਼ਤਮ ਹੋਣ ਉਪਰੰਤ ਲੋਕ ਅੱਗਾਂ ਬਾਲ ਕੇ ਸਰਦੀ ਨੂੰ ਅਲਵਿਦਾ ਅਤੇ ਗਰਮੀ ਨੂੰ 'ਜੀ ਆਇਆਂ' ਕਹਿੰਦੇ ਸਨ ਪਰ ਪਿਛਲੇ ਕਈ ਸਾਲਾਂ ਤੋਂ ਕੜਾਕੇ ਦੀ ਸਰਦੀ ਲੋਹੜੀ ਵੇਲੇ ਹੁੰਦੀ ਹੈ ਤੇ ਲੋਕ ਠਰੂੰ-ਠਰੂੰ ਕਰਦੇ ਆਮ ਵੇਖੇ ਜਾਂਦੇ ਹਨ । ਲੋਹੜੀ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ ਹੀ ਭਰਾ ਆਪਣੀਆਂ ਭੈਣਾਂ ਦੇ ਸਹੁਰੇ ਘਰ ਉਹਨਾਂ ਨੂੰ ਤੋਹਫੇ ਦੇਣ ਜਾਂਦੇ ਸਨ । ਭਰਾ ਆਪਣੀਆਂ ਭੈਣਾਂ ਦੇ ਲਈ ਕੱਪੜੇ, ਲੱਡੂ, ਪਿੰਨੀਆਂ, ਮੂੰਗਫਲੀਆਂ, ਰੇਵੜੀਆਂ, ਗਚਕ ਤੇ ਮੇਵੇ ਆਦਿ ਲੈ ਕੇ ਜਾਂਦੇ ਹਨ । ਇਸ ਤਰ੍ਹਾਂ ਇਹ ਤਿਉਹਾਰ ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਹੋ ਨਿੱਬੜਿਆ ਹੈ। ਲੋਹੜੀ ਵਾਲੇ ਦਿਨ ਬਜ਼ਾਰਾਂ ਵਿੱਚ ਵੀ ਖ਼ੂਬ ਚਹਿਲ-ਪਹਿਲ ਹੁੰਦੀ ਹੈ। ਮੂੰਗਫਲੀਆਂ ਦੇ ਵੱਡੇ-ਵੱਡੇ ਢੇਰ, ਰਿਉੜੀਆਂ ਤੇ ਗੱਚਕਾਂ ਦੇ ਪੈਕਟ ਚਿਣ-ਚਿਣ ਕੇ ਰੱਖੇ ਜਾਂਦੇ ਹਨ । ਦਿਨੋਂ-ਦਿਨ ਮਹਿੰਗਾਈ ਵਧਣ ਨਾਲ ਮੂੰਗਫਲੀ, ਰਿਉੜੀਆਂ, ਗੱਚਕ ਦੇ ਰੇਟ (ਭਾਅ/ ਕੀਮਤ) ਵੀ ਵੱਧ ਰਹੇ ਹਨ । ਅੱਜ ਬਾਜ਼ਾਰ ਵਿੱਚ ਮੂੰਗਫਲੀ 80-90 ਰੁਪਏ ਤੋਂ ਲੈ ਕੇ 180 ਰੁਪਏ ਕਿਲੋ ਤੱਕ ਵਿਕ ਰਹੀ ਹੈ । ਰਿਉੜੀਆਂ 120 ਰੁਪਏ ਕਿਲੋ ਤੋਂ ਲੈ ਕੇ 250 ਕਿਲੋ ਤੱਕ ਅਤੇ ਗਚਕ 120 ਕਿਲੋ ਤੋਂ ਲੈ ਕੇ 350 ਰੁਪਏ ਕਿਲੋ ਤੱਕ ਹੈ ।

ਜਿਸ ਪਰਿਵਾਰ ਅੰਦਰ ਲੜਕਾ ਪੈਦਾ ਹੋਇਆ ਹੋਵੇ ਉਸ ਘਰ ਲੜਕੇ ਦੀ ਪਹਿਲੀ ਲੋਹੜੀ ਮਨਾਈ ਜਾਂਦੀ ਹੈ । ਪਹਿਲਾ ਲੜਕਾ ਹੋਣ ਦੀ ਖ਼ੁਸ਼ੀ ਵਿੱਚ ਗਲੀ-ਗੁਆਂਢ ਤੇ ਰਿਸ਼ਤੇਦਾਰਾਂ ਵਿੱਚ ਵੀ ਲੋਹੜੀ ਵੰਡੀ ਜਾਂਦੀ ਹੈ । ਸ਼ਾਮ ਢਲਦੇ ਹੀ ਯਾਰ, ਦੋਸਤ ਤੇ ਰਿਸ਼ਤੇਦਾਰ ਵਿਹੜੇ ਵਿੱਚ ਇਕੱਠੇ ਹੋ ਕੇ ਨਵਜੰਮੇ ਮੁੰਡੇ ਦੀ ਖ਼ੁਸ਼ੀ ਵਿੱਚ ਲੋਹੜੀ ਬੋਤਲਾਂ ਦੀ ਡੱਟ ਖੋਲ ਕੇ (ਸ਼ਰਾਬ ਪੀ ਕੇ) ਮਨਾਉਂਦੇ ਹਨ । ਇਸ ਦੇ ਉਲਟ ਜਿਸ ਘਰ ਵਿੱਚ ਧੀ ਨੇ ਜਨਮ ਲਿਆ ਹੋਵੇ, ਉਸ ਘਰ ਦੇ ਜੀਆਂ ਨੇ ਲੜਕੀ ਦੀ ਲੋਹੜੀ ਤਾਂ ਕੀ ਮਨਾਉਣੀ ਹੁੰਦੀ ਹੈ, ਉਹ ਤਾਂ ਇਸ ਤਰ੍ਹਾਂ ਫਿਰਦੇ ਹੁੰਦੇ ਹਨ ਜਿਵੇਂ ਕੋਈ ਬਹੁਤ ਵੱਡਾ ਦੁਖਾਂਤ ਵਾਪਰ ਗਿਆ ਹੋਵੇ । ਲੜਕੀ ਪ੍ਰਤੀ ਵਿਵਹਾਰ ਘਰਦਿਆਂ ਦਾ ਸਦਾ ਹੀ ਰੁੱਖਾ ਹੁੰਦਾ ਹੈ। ਲੋਹੜੀ ਦੀਆਂ ਖ਼ੁਸ਼ੀਆਂ ਲੜਕੇ ਜੰਮਣ 'ਤੇ ਹੀ ਮਨਾਈਆਂ ਜਾਂਦੀਆਂ ਹਨ । ਲੜਕੀ ਜੰਮਣ 'ਤੇ ਲੋਹੜੀ ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਮੈਂ ਬਹੁਤ ਘੱਟ ਦੇਖੀਆਂ ਹਨ। ਕੋਈ ਵਿਰਲਾ-ਵਿਰਲਾ ਹੀ ਘਰ ਹੋਵੇਗਾ ਜਿੱਥੇ ਲੜਕੀ ਦੇ ਜਨਮ ਲੈਣ ਤੇ ਲੋਹੜੀ ਵੰਡੀ ਜਾਂਦੀ ਹੈ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ ਜਾਂ ਫਿਰ ਅਖ਼ਬਾਰਾਂ ਵਿੱਚ ਖ਼ਬਰਾਂ ਰਾਹੀਂ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਫਲਾਣੇ ਪਿੰਡ/ ਸ਼ਹਿਰ ਵਿੱਚ ਫਲਾਣੇ ਘਰ ਲੜਕੀ ਦੇ ਜੰਮਣ ਤੇ ਖ਼ੂਬ ਖ਼ੁਸ਼ੀਆਂ ਮਨਾਈਆਂ ਗਈਆਂ, ਲੋਹੜੀ ਵੰਡੀ ਗਈ ਤੇ ਖ਼ੂਬ ਗਿੱਧਾ-ਭੰਗੜਾ ਪਾਇਆ ਗਿਆ ।

ਲੋਹੜੀ ਤੋਂ ਦੋ-ਤਿੰਨ ਦਿਨ ਪਹਿਲਾਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਵੀ ਵੱਖ-ਵੱਖ ਸਮਾਗਮ ਕਰਕੇ ਲੋਹੜੀ ਵੰਡੀ ਜਾਂਦੀ ਹੈ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਮਾਲਵਾ ਸੱਭਿਆਚਾਰਕ ਮੰਚ ਲੁਧਿਆਣਾ ਵੱਲੋਂ ਵੀ ਹਰ ਸਾਲ 'ਧੀਆਂ ਦਾ ਲੋਹੜੀ ਮੇਲਾ' ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਪਹਿਲ ਤਾਂ ਲੋਕ ਲੜਕਿਆਂ ਦੀ ਹੀ ਲੋਹੜੀ ਮਨਾਉਂਦੇ ਸਨ ਪਰ ਪਿਛਲੇ ਕੁਝ ਸਾਲਾਂ ਤੋਂ ਲੋਕਾਂ ਵਿੱਚ ਜਾਗਰੁਕਤਾ ਆ ਚੁੱਕੀ ਹੈ । ਹੁਣ ਲੜਕੀ ਦੇ ਜੰਮਣ ਤੇ ਵੀ ਲੋਕ ਲੋਹੜੀ ਬੜੀ ਧੂਮਧਾਮ ਨਾਲ ਮਨਾਉਂਦੇ ਹਨ । ਲੜਕੀਆਂ ਵੀ ਲੜਕਿਆਂ ਨਾਲੋਂ ਘੱਟ ਨਹੀਂ ਹਨ ਉਹ ਵੀ ਉੱਚ ਪੱਧਰ ਤੇ ਵਿੱਦਿਆ ਪ੍ਰਾਪਤ ਕਰਕੇ ਵੱਡੇ-ਵੱਡੇ ਅਹੁਦਿਆਂ ਤੇ ਨੌਕਰੀ ਕਰ ਰਹੀਆਂ ਹਨ ।

ਲੜਕੀ ਪਰਾਇਆ ਧਨ ਨਹੀਂ ਹੈ, ਬਲਕਿ ਸਮਾਜ ਦਾ ਸਦਾ ਰਹਿਣ ਵਾਲਾ ਹਿੱਸਾ ਹੈ । ਔਰਤ ਬਿਨਾਂ ਮਰਦ ਹਮੇਸ਼ਾਂ ਅਧੂਰਾ ਸਮਝਿਆ ਜਾਂਦਾ ਹੈ । ਵੰਸ਼ ਨੂੰ ਅੱਗੇ ਵਧਾਉਣ ਵਿੱਚ ਔਰਤ ਦਾ ਬਹੁਤ ਵੱਡਾ ਯੋਗਦਾਨ ਹੈ । ਮੱਧ ਵਰਗ ਤੇ ਗ.ਰੀਬ ਪਰਿਵਾਰਾਂ ਦੇ ਬੱਚੇ ਹੀ ਲੋਹੜੀ ਮੰਗਦੇ ਹਨ । ਵੱਡੀ ਘਰਾਂ ਦੇ ਰੱਜੇ-ਪੁੱਜੇ ਲੋਹੜੀ ਮੰਗਦੇ ਕਦੇ ਨਹੀਂ ਵੇਖੇ ਗਏ । ਦੂਜਾ ਉਹ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹੁੰਦੇ ਹਨ । ਲੋਹੜੀ ਕਿਉਂ ਮੰਗੀ ਜਾਂਦੀ ਹੈ ਤੇ ਕਿਵੇਂ ਮੰਗੀ ਜਾਂਦੀ ਹੈ । ਇਹ ਤਾਂ ਉਹਨਾਂ ਦੇ ਮਾਂ-ਬਾਪ ਨੂੰ ਵੀ ਨਹੀਂ ਪਤਾ ਹੁੰਦਾ । ਹਾਂ, ਉਹਨਾਂ ਦੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਨੂੰ ਜ਼ਰੂਰ ਪਤਾ ਹੁੰਦਾ ਹੈ। ਲੋਹੜੀ ਦੇ ਤਿਉਹਾਰ ਤੋਂ 10-15 ਦਿਨ ਪਹਿਲਾਂ ਹੀ ਨਿੱਕੇ-ਨਿੱਕੇ ਬੱਚੇ ਤੇ ਬੱਚੀਆਂ ਘਰਾਂ ਵਿੱਚ ਜਾ ਕੇ ਦਰਵਾਜ਼ਿਆਂ ਤੇ ਲੱਗੀਆਂ ਘੰਟੀਆਂ ਵਜਾਉਂਦੇ ਤੇ ਦਰਵਾਜ਼ੇ ਖੜਕਾਉਂਦੇ ਹਨ । ਲੋਹੜੀ ਮੰਗਣ ਵਾਲੇ ਮੁੰਡੇ ਕੁੜੀਆਂ ਦੀ ਉਮਰ 6-7 ਸਾਲ ਤੋਂ ਲੈ ਕੇ 17-18 ਸਾਲ ਤੱਕ ਦੀ ਹੁੰਦੀ ਹੈ ਪਰ ਵੱਡੇ ਸ਼ਹਿਰਾਂ ਵਿੱਚ ਤਾਂ ਛੋਟੇ-ਛੋਟੇ ਬੱਚੇ- ਬੱਚੀਆਂ ਹੀ ਲੋਹੜੀ ਮੰਗਦੇ ਵੇਖੇ ਹਨ । ਪਹਿਲਾਂ-ਪਹਿਲ ਤਾਂ 20-25 ਸਾਲ ਦੀਆਂ ਲੜਕੀਆਂ ਵੀ ਲੋਹੜੀ ਮੰਗਦੀਆਂ ਸਨ ਪਰ ਅੱਜ ਇਸ ਉਮਰ ਦੀਆਂ ਲੜਕੀਆਂ ਲੋਹੜੀ ਮੰਗਦੀਆਂ ਨਹੀਂ ਦੇਖੀਆਂ। ਛੋਟੇ ਛੋਟੇ ਲੜਕੇ-ਲੜਕੀਆਂ ਜਿਸ ਘਰ ਵਿੱਚ ਲੋਹੜੀ ਮੰਗਣ ਲਈ ਪੁੱਜਦੇ ਹਨ, ਉਥੇ ਗੀਤ ਗਾਉਂਦੇ ਹਨ ।

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ
ਦੁੱਲੇ ਦੀ ਧੀ ਵਿਆਹੀ ਹੋ
ਸ਼ੇਰ ਸੱਕਰ ਪਾਈ ਹੋ
ਕੁੜੀ ਦਾ ਲਾਲ ਪਟਾਕਾ ਹੋ
ਕੁੜੀ ਦਾ ਸਾਲੂ ਪਾਟਾ ਹੋ
ਸਾਲੂ ਕੌਣ ਸਮੇਟੇ ਹੋ

ਇਸ ਤੋਂ ਬਾਅਦ ਇਹ ਗੀਤ ਗਾਉਂਦੇ ਹਨ ।

ਪਾ ਨੀ ਮਾਏ ਪਾ, ਕਾਲੇ ਕੁੱਤੇ ਨੂੰ ਵੀ ਪਾ।
ਕਾਲਾ ਕੁੱਤਾ ਦੇਵੇ ਵਧਾਈਆਂ,
ਤੇਰੀਆਂ ਜੀਣ ਮੱਝੀਂ ਗਾਈਆਂ।
ਮੱਝੀਂ ਗਾਈਆਂ ਨੇ ਦਿੱਤਾ ਦੁੱਧ,
ਤੇਰੇ ਜੀਣ ਪੰਜੇ ਪੁੱਤ ।
ਪੰਜੇ ਪੁੱਤਾਂ ਦੀ ਕਮਾਈ,
ਡੋਲੀ ਘਰ ਛਣਕਦੀ ਆਈ ।
ਸਾਨੂੰ ਨਾ ਲੋਹੜੀ,
ਤੇਰੀ ਜੀਵੇ ਜੋੜੀ।

ਜਦੋਂ ਬੱਚਿਆਂ ਨੂੰ ਘਰ ਵਿੱਚ ਲੋਹੜੀ ਦੇ ਰੂਪ ਵਿੱਚ ਮੂੰਗਫਲੀਆਂ, ਰਿਉੜੀਆਂ, ਪਾਥੀਆਂ, ਲੱਕੜਾਂ, ਛਿਟੀਆਂ ਜਾਂ ਨਗਦ ਪੈਸੇ ਮਿਲ ਜਾਂਦੇ ਸਨ । ਇੱਥੇ ਮੈਂ ਇਹ ਜ਼ਿਕਰ ਜ਼ਰੂਰ ਕਰਾਂਗਾ ਕਿ ਅੱਜ ਤੋਂ 25-30 ਸਾਲ ਪਹਿਲਾਂ ਲੋਹੜੀ ਮੰਗਣ ਵਾਲੇ ਬੱਚਿਆਂ ਨੂੰ 10, 25 ਜਾਂ 50 ਪੈਸੇ ਦਿੱਤੇ ਜਾਂਦੇ ਸਨ । ਉਸ ਸਮੇਂ ਇਹ ਪੈਸੇ ਆਮ ਮਿਲਦੇ ਸਨ । ਇਹਨਾਂ ਪੈਸਿਆਂ ਨਾਲ ਹੀ ਬੱਚਿਆਂ ਨੂੰ ਕਾਫੀ ਚੀਜ਼ ਮਿਲ ਜਾਂਦੀ ਸੀ । ਅੱਜ ਇੱਕ ਤਾਂ ਮਹਿੰਗਾਈ ਬਹੁਤ ਹੈ, ਦੂਜਾ ਟੁੱਟੇ ਪੈਸੇ ਮਿਲਦੇ ਹੀ ਨਹੀਂ ਹਨ। ਇਸ ਲਈ ਲੋਹੜੀ ਮੰਗਣ ਵਾਲੇ ਬੱਚਿਆਂ ਨੂੰ ਇੱਕ, ਦੋ, ਪੰਜ ਜਾਂ ਦਸ ਰੁਪਏ ਦਿੱਤੇ ਜਾਂਦੇ ਹਨ । ਜਦੋਂ ਉਹਨਾਂ ਨੂੰ ਰੁਪਏ ਮਿਲ ਜਾਂਦੇ ਹਨ ਤਾਂ ਉਸ ਘਰ ਦੀ ਉਸਤਤ ਸੰਬੰਧੀ ਬੱਚੇ ਕਹਿੰਦੇ ਹਨ ।

**ਆਖੋ ਮੁੰਡਿਓ ਰੰਗਾ, ਇਹ ਘਰ ਚੰਗਾ ।**

ਬੱਚਿਆਂ ਨੂੰ ਲੋਹੜੀ ਮੰਗਣ ਤੇ ਜੋ ਪੈਸੇ, ਰਿਉੜੀਆਂ, ਮੂੰਗਫਲੀਆਂ, ਮੱਕੀ ਦੇ ਦਾਣੇ, ਮਠਿਆਈ ਆਦਿ ਇਕੱਠੇ ਹੁੰਦੇ ਹਨ, ਉਹ ਹਰ ਰੋਜ਼ ਰਾਤ ਨੂੰ ਆਪਸ ਵਿੱਚ ਵੰਡ ਲੈਂਦੇ ਹਨ । ਮੈਨੂੰ ਯਾਦ ਹੈ ਕਿ ਸਾਡੇ ਵੇਲੇ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਸੀ । ਰਾਤ ਨੂੰ ਮੁਹੱਲੇ ਵਿੱਚ ਹੀ ਇੱਕ ਥਾਂ ਤੇ ਵੱਡਾ ਸਾਰਾ ਲੱਕੜਾਂ ਤੇ ਗੋਹੇ ਦੀਆਂ ਪਾਥੀਆਂ ਦਾ ਢੇਰ ਲਗਾਇਆ ਜਾਂਦਾ ਸੀ । ਬੱਚਿਆਂ ਵੱਲੋਂ 10-15 ਦਿਨ ਮੰਗੀਆਂ ਲੱਕੜਾਂ ਤੇ ਪਾਥੀਆਂ ਵੀ ਇਸ ਢੇਰ ਤੇ ਇਕੱਠੀਆਂ ਕਰ ਦਿੱਤੀਆਂ ਜਾਂਦੀਆਂ ਸਨ। ਬਹੁਤ ਵੱਡੇ ਸਾਰੇ ਢੇਰ ਨੂੰ ਰਾਤ 7-8 ਵਜੇ ਅੱਗ ਲਗਾ ਕੇ 12-1 ਵਜੇ ਤੱਕ ਲੋਹੜੀ ਸੇਕਦੇ ਗੰਨੇ ਚੂਪਦੇ, ਮੂੰਗਫਲੀਆਂ, ਰਿਉੜੀਆਂ ਖਾਂਦੇ, ਨੱਚਦੇ-ਟੱਪਦੇ ਤੇ ਲੋਕ-ਗੀਤ ਸੁਣਾਉਂਦੇ ਹੁੰਦੇ ਸਨ । ਲੋਕ ਅੱਗ ਲਾਈ (ਬਾਲੀ/ਮਚਾਈ) ਹੋਈ ਲੋਹੜੀ ਵਿੱਚ ਤਿਲ, ਰਿਉੜੀਆਂ ਸੁੱਟਦੇ, ਮੱਥਾ ਟੇਕਦੇ, ਅਰਦਾਸਾਂ ਕਰਦੇ।

ਮੂੰਗਫਲੀਆਂ ਦੇ ਛਿੱਲੜ ਤੇ ਗੰਨੇ ਨੂੰ ਚੂਪਣ ਉਪਰੰਤ ਉਸ ਦੇ ਫੂਲਕ ਭਾਵ ਜੂਠ ਮਚਾਈ ਹੋਈ ਲੋਹੜੀ ਵਿੱਚ ਨਹੀਂ ਸਨ ਸੁੱਟੇ ਜਾਂਦੇ। ਜਿਸ ਘਰ ਲੜਕਾ ਨਵ-ਜਨਮਿਆ ਹੁੰਦਾ, ਉਸ ਦੀ ਲੋਹੜੀ ਵੀ ਰਾਤ ਨੂੰ ਉੱਥੇ ਹੀ ਵੰਡੀ ਜਾਂਦੀ ਸੀ। ਜਿਸ ਘਰ ਨਵ-ਵਿਆਹਿਆ ਜੋੜਾ ਹੁੰਦਾ ਸੀ, ਉਸ ਦੀ ਵੀ ਲੋਹੜੀ ਦੀ ਰਾਤ ਸਾਰੇ ਹੀ ਇਹ ਅਰਦਾਸ ਕਰਦੇ ਸਨ ਕਿ ਪਰਮਾਤਮਾ ਇਸ (ਨਾਂ ਲੈ ਕੇ) ਦੇ ਘਰ ਪੁੱਤਰ ਦੇਵੇ ਤਾਂ ਇਹ ਅਗਲੀ ਲੋਹੜੀ ਤੇ ਚਰਖਾ ਸਾੜਨਗੇ । ਨਵ-ਵਿਆਹੇ ਜੋੜੇ ਦੀ ਲੋਹੜੀ ਅਤੇ ਕਿਸੇ ਘਰ 'ਚ ਪੁੱਤਰ ਹੋਣ 'ਤੇ ਲੋਹੜੀ ਤੇ ਚਰਖਾ ਸਾੜਨ ਦੀ ਰੀਤ ਬਹੁਤ ਪੁਰਾਣੀ ਹੈ । ਪਰ ਅੱਜ ਨਾ ਘਰਾਂ ਵਿੱਚ ਚਰਖੇ ਨਜ਼ਰ ਆਉਂਦੇ ਹਨ ਤੇ ਨਾ ਹੀ ਲੋਹੜੀ ਤੇ ਸਾੜੇ ਜਾਂਦੇ ਹਨ।

ਵੱਡੇ ਸ਼ਹਿਰਾਂ ਵਿੱਚ ਇਹਨਾਂ ਸਤਰਾਂ ਦੇ ਲੇਖਕ ਨੇ ਵੇਖਿਆ ਹੈ ਕਿ ਲੋਕ ਆਪਣੇ-ਆਪਣੇ ਘਰਾਂ ਵਿੱਚ ਹੀ ਲੋਹੜੀ ਦੀ ਰੀਤ ਕਰਨ ਲਈ ਬੱਠਲ ਵਿੱਚ ਕੁਝ ਲੱਕੜਾਂ ਜਾਂ ਪਾਥੀਆਂ ਪਾ ਕੇ, ਅੱਗ ਲਗਾ ਕੇ ਲੋਹੜੀ ਸੇਕਦੇ ਹਨ, ਜਾਂ ਗਲੀ ਦੇ ਹੀ ਦੋ-ਚਾਰ ਘਰ ਇਕੱਠੇ ਬੈਠ ਕੇ ਲੋਹੜੀ ਸੇਕਦੇ ਹਨ । ਪਿੰਡਾਂ, ਛੋਟੇ ਸ਼ਹਿਰਾਂ ਵਾਂਗ ਮੁਹੱਲੇ ਦੇ ਇੱਕ ਚੌਰਸਤੇ ਵਿੱਚ ਵੱਡੇ ਘਰਾਂ ਵਾਲੇ ਤੇ ਉਹਨਾਂ ਦੇ ਬੱਚੇ-ਬੱਚੀਆਂ ਲੋਹੜੀ ਸੇਕਣਾ ਅਤੇ ਉੱਥੇ ਜਾਣਾ ਪਸੰਦ ਵੀ ਨਹੀਂ ਕਰਦੇ । ਵੱਡੇ ਘਰਾਂ ਦੇ ਕਾਕਿਆਂ ਦੀਆਂ ਰੀਸਾਂ ਕੋਈ ਨਹੀਂ ਕਰ ਸਕਦਾ । ਕਈ ਲੋਕ ਇਸ ਦਿਨ ਰਾਤ ਨੂੰ ਜੂਆ ਖੇਡ ਕੇ, ਸ਼ਰਾਬਾਂ ਪੀ ਕੇ ਮਨਾਉਂਦੇ ਹਨ । ਲੋਹੜੀ ਵਾਲੀ ਰਾਤ ਨੂੰ ਗੀਤਾਂ ਤੇ ਗਿੱਧੇ ਦਾ ਜਿੱਥੇ ਖ਼ੂਬ ਅਨੰਦ ਮਾਣਿਆ ਜਾਂਦਾ ਹੈ, ਉਥੇ ਪੁਰਾਣੇ ਰੀਤੀ ਰਿਵਾਜਾਂ ਨੂੰ ਜੋ ਸੇਧ ਦੇਣ ਵਾਲੇ ਨਾ ਹੋਣ, ਉਹਨਾਂ ਨੂੰ ਬਲਦੀ ਅੱਗ ਵਿੱਚ ਸਾੜ ਦਿੱਤਾ ਜਾਵੇ। ਲੋਹੜੀ ਦਾ ਤਿਉਹਾਰ ਪ੍ਰੇਮ, ਪਿਆਰ, ਖ਼ੁਸ਼ੀਆਂ ਦਾ ਸੁਨੇਹਾ ਦਿੰਦਾ ਹੋਇਆ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ । ਆਓ ! ਸਾਰੇ ਰਲ ਮਿਲ ਕੇ ਲੋਹੜੀ ਦਾ ਤਿਉਹਾਰ ਖ਼ੁਸ਼ੀਆਂ, ਚਾਵਾਂ ਤੇ ਮਲ੍ਹਾਰਾਂ ਨਾਲ ਮਨਾਈਏ ।

**-ਕਰਨੈਲ ਸਿੰਘ ਐੱਮ.ਏ.**
**# 1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

## ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਤੇ 27 ਜਨਵਰੀ ਨੂੰ ਗੁਰਮਤਿ ਸਮਾਗਮ—ਗਿਆਨੀ ਸੁਖਦੇਵ ਸਿੰਘ ਖਾਲਸਾ

ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :— ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਫ਼ਿਰੋਜ਼ਪੁਰ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਅਨੋਖੇ ਸ਼ਹੀਦ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 26 ਜਨਵਰੀ (13 ਮਾਘ) ਦਿਨ ਸੋਮਵਾਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਦੇ ਮੁੱਖ ਸੇਵਾਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 26 ਜਨਵਰੀ (13 ਮਾਘ) ਦਿਨ ਸੋਮਵਾਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ 27 ਜਨਵਰੀ (14 ਮਾਘ) ਦਿਨ ਮੰਗਲਵਾਰ ਨੂੰ ਗੁਰਮਤਿ ਸਮਾਗਮ ਕਰਵਾਏ ਜਾਣਗੇ। ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਵਿਸ਼ਾਲ ਨਗਰ ਕੀਰਤਨ ਵਿਚ ਜ਼ੋ ਕਿ ਸਵੇਰੇ 8 ਵਜੇ ਗੁਰਮਤਿ ਵਿਦਿਆਲੇ ਤੋਂ ਪ੍ਰਾਰੰਭ ਹੋ ਕੇ ਪਿੰਡ ਬੁੱਕਣ ਖਾਂ ਵਾਲਾ ਤੋਂ ਝੋਕ ਹਰੀਹਰ, ਗੁਰਦੁਆਰਾ ਕਰਮਸਰ, ਜੀਆ ਬੱਗਾ, ਫੱਤੂਵਾਲਾ, ਬਸਤੀ ਨੇਕਾਂ ਵਾਲੀ, ਬਸਤੀ ਕੀਮੇ ਵਾਲੀ, ਹਾਜੀਵਾਲਾ, ਮੀਰਾ ਸ਼ਾਹ ਨੂਰ, ਠਾਠ ਨਾਨਕਸਰ ਗੋਬਿੰਦ ਨਗਰ, ਬਾਲੇ ਵਾਲਾ, ਗਾਮੇਲਾਵਾ, ਭਾਵੜਾ ਆਜ਼ਮ ਸ਼ਾਹ, ਮਹਿਮਾ, ਚੱਕ ਰੋੜਾਂ ਵਾਲਾ, ਚੂਹੜ ਖਿਲਚੀਆਂ, ਗੁਲਾਮ ਪੱਤਰਾ, ਮੋਹਰੇਵਾਲਾ, ਨਸੀਰਾ ਖਿਲਚੀਆਂ, ਬਸਤੀ ਨੱਥੇਸ਼ਾਹ, ਸੈਦੇ ਕੇ ਰੁਹੇਲਾ, ਧੀਰਾ ਪੱਤਰਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਨਾਨਕਸਰ ਪੁਰੀ ਸਾਹਿਬ ਗੁਰਮਤਿ ਵਿਦਿਆਲਾ ਵਿਚ ਸਮਾਪਤੀ ਦੀ ਅਰਦਾਸ ਹੋਵੇਗੀ। ਇਸ ਮੌਕੇ ਤੇ ਪਿੰਡ ਫੱਤੂਵਾਲਾ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ ਅਤੇ ਪਿੰਡ ਵਾਸੀਆਂ ਵੱਲੋਂ ਅਨੇਕਾਂ ਪ੍ਰਕਾਰ ਦੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਤੇ ਸ਼ਹੀਦ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਗੱਤਕਾ ਅਖਾੜੇ ਵੱਲੋਂ ਗੱਤਕੇ ਦੇ ਜ਼ੌਹਰ ਵਿਖਾਏ ਜਾਣਗੇ। ਇਸ ਤੋਂ ਇਲਾਵਾ ਭਾਈ ਗੁਰਦੀਪ ਸਿੰਘ ਨੰਬਰਦਾਰ ਜਿਹੜੇ ਕਿ ਹਰ ਸਾਲ ਵੱਧ ਚੜ੍ਹ ਕੇ ਵਿਸ਼ਾਲ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ ਵਿਚ ਤਨ, ਮਨ, ਧੰਨ ਨਾਲ ਸੇਵਾ ਕਰਦੇ ਹਨ, ਵਿਸ਼ੇਸ਼ ਸਹਿਯੋਗ ਦਿੰਦੇ ਹਨ, ਗਿਆਨੀ ਸੁਖਦੇਵ ਸਿੰਘ ਖਾਲਸਾ ਬੁੱਕਣ ਖਾਂ ਨੇ ਅੱਗੇ ਦੱਸਿਆ ਕਿ 27 ਜਨਵਰੀ (14 ਮਾਘ) ਦਿਨ ਮੰਗਲਵਾਰ ਨੂੰ ਸ੍ਰੀ ਪਾਠ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਇਲਾਕੇ ਭਰ ਦੀਆਂ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਉਹ ਗੁਰੂ ਦੇ ਬਖਸ਼ਿਸ਼ ਆਪਣੇ—ਆਪਣੇ ਵਹੀਕਲ ਲੈ ਕੇ ਵਿਸ਼ਾਲ ਨਗਰ ਕੀਰਤਨ ਵਿਚ ਸ਼ਾਮਲ ਹੋਣ ਅਤੇ ਗੁਰਮਤਿ ਸਮਾਗਮ ਵਿਚ ਸ਼ਾਮਲ ਹੋ ਕੇ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ।



ਆਵਾਜ਼ਿ ਕੌਮ AWAZE QAUM International Newspaper & WEB TV

## ਸੰਵਿਧਾਨ ਕਾਗਜੀ ਬਣਦਾ ਜਾ ਰਿਹੈ, ਸਿੰਧੀ ਸੰਵਿਧਾਨਿਕ ਉਲੰਘਣਾ ਮੰਨੀ ਜਾ ਰਹੀ ਹੈ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :— ਸੰਵਿਧਾਨ ਕਾਗਜੀ ਬਣਦਾ ਜਾ ਰਿਹਾ ਹੈ ਅਤੇ ਸਿੰਧੀ ਸੰਵਿਧਾਨਕ ਉਲੰਘਣਾ ਮੰਨੀ ਜਾ ਰਹੀ ਹੈ। ਇਹ ਵਿਚਾਰ ਪੀ.ਸੀ ਕੁਮਾਰ ਉਘੇ ਸਮਾਜ ਸੁਧਾਰਕ ਸੀਨੀਅਰ ਸਿਟੀਜਨ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸਿਹਤ ਤੇ ਸਿੱਖਿਆ ਦੇ ਦਾਇਰੇ ਵਿਚ ਰੋਜ਼ ਪਿਛਲੇ ਪੰਜਾਹ ਸਾਲਾਂ ਤੋਂ ਵਿਚਰਦੇ ਹੋਏ ਝੁਗੀ ਝੋਪੜੀ ਤੋਂ ਲੈ ਕੇ ਜ਼ਿਲ੍ਹਾ ਸਟੇਟ ਭਾਰਤ ਹੀ ਨਹੀਂ ਸਾਰੇ ਵਿਸ਼ਵ ਸ੍ਰਿਸ਼ਟੀ ਨੂੰ ਆਪਣਾ ਘਰ, ਸੇਵਾ ਦਾ ਦਾਇਰਾ, ਹਰ ਜੀਵ ਜੰਤੂ ਬਨਸਪਤੀ ਮਾਨਵਤਾ ਦੀ ਸੇਵਾ ਗਰੀਬ ਦਾ ਮੂੰਹ ਗੁਰੂ ਦੀ ਗੋਲਖ ਜ਼ੋ ਜੀਵਾਂ ਨਾਲ ਪਿਆਰ ਕਰਦੇ ਰੱਬ ਉਨ੍ਹਾਂ ਨੂੰ ਪਿਆਰ ਕਰਦਾ ਹੈ, ਨਾਲ ਜ਼ੋ ਦੇਸ਼ ਲਈ ਮਰਦੇ ਹਨ, ਸ਼ਹੀਦ ਹੋ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਨਾਉਣ ਲਈ ਕੰਮ ਕਰਦੇ ਹਨ ਪ੍ਰਮ ਸ਼ਹੀਦਾਂ ਨੂੰ ਨਤਮਸਤਕ ਕਰਦੇ ਹੋਏ ਅੱਜ ਇਸ ਸਿਟੇ ਤੇ ਪਹੁੰਚੇ ਹਨ, ਕਾਨੂੰਨ ਬਣ ਰਹੇ ਹਨ, ਪਰ ਅਮਲ ਨਹੀਂ ਅਦਾਲਤੀ ਹੁਕਮ ਹਨ, ਪਰ ਲਾਗੂ ਨਹੀਂ ਫਾਈਲਾਂ ਸਾਲਾਂ ਤੱਕ ਅਟਕੀਆਂ ਹਨ, 2012 ਤੋਂ ਲੈ ਕੇ ਹੁਣ ਤੱਕ ਰਾਸ਼ਟਰਪਤੀ ਐਵਾਰਡਾਂ ਦੀਆਂ ਫਾਈਲਾਂ ਬਾਬੂਆਂ ਦੀਆਂ ਅਲਮਾਰੀਆਂ ਦਾ ਜਬਰਣ ਧੂੜ ਸਿਉਕਬੰਦੀ ਵਿਚ ਵਿਕ ਰਹੀਆਂ, ਆਰ.ਟੀ.ਆਈ ਕਾਨੂੰਨ ਵੀ ਅਖਾਉਤੀ ਭਾਰਤ ਪੱਧਰ ਆਨ ਲਾਈਨ ਮਨਜ਼ੂਰੀ ਦੇ ਬਾਵਜੂਦ ਜ਼ਸਟਿਸ ਡੀਲੇਹਇਜ ਜ਼ਸਟਿਸ ਡੀਨਾਇਡ ਅੱਜ ਤੱਕ ਬਣਕੇ ਰਹਿ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਭਾਈ ਲਖਵੀਰ ਸਿੰਘ ਮਹਾਲਮ ਤੇ ਹੋਰ ਸਾਥੀਆਂ ਨੂੰ ਘੱਲ ਖੁਰਦ ਪੁਲਿਸ ਨੇ ਕੀਤਾ ਗ੍ਰਿਫਤਾਰ

ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :— ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਭਾਈ ਲਖਬੀਰ ਸਿੰਘ ਮਹਾਲਮ ਜਿਹੜੇ ਕਿ ਫ਼ਿਰੋਜ਼ਸ਼ਾਹ ਟੋਲ ਪਲਾਜਾ ਨੂੰ ਤਿੰਨ ਘੰਟੇ ਲਈ ਖੋਲੇ ਜਾਣ ਦੇ ਸਬੰਧ ਵਿਚ ਉਨ੍ਹਾਂ ਨੂੰ ਘੱਲ ਖੁਰਦ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਇਥੇ ਇਹ ਦਸਣਯੋਗ ਹੈ ਕਿ ਭਾਈ ਲਖਬੀਰ ਸਿੰਘ ਮਹਾਲਮ ਨੇ 12 ਜਨਵਰੀ ਨੂੰ ਤਿੰਨ ਘੰਟੇ ਲਈ ਟੋਲ ਪਲਾਜਾ ਖੋਲਣ ਦਾ ਐਲਾਨ ਕੀਤਾ ਸੀ, ਜਿਸ ਤਹਿਤ ਉਨ੍ਹਾਂ ਨੂੰ ਇਕ ਦਿਨ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਸੀ, ਭਾਈ ਲਖਬੀਰ ਸਿੰਘ ਦੀ ਮੰਗ ਸੀ ਕਿ ਬੰਦੀ ਸਿੰਘਾਂ ਨਾਲ ਅਨਿਆ ਹੋ ਰਿਹਾ ਹੈ, ਉਨ੍ਹਾਂ ਨੂੰ ਬੁਨਿਆਦੀ ਪੈਰੋਲ ਦਾ ਹੱਕ ਖੋਹਿਆ ਜਾ ਰਿਹਾ ਹੈ। ਇਸੇ ਤਰ੍ਹਾਂ ਭਾਈ ਜਗਤਾਰ ਸਿੰਘ ਹਵਾਰਾ ਦੇ ਸਤਿਕਾਰਯੋਗ ਮਾਤਾ 82 ਸਾਲਾ ਆਪਣੇ ਲੜਕੇ ਨੂੰ ਮਿਲਣ ਲਈ ਤਰਸ ਰਹੇ ਹਨ ਅਤੇ ਕਾਫੀ ਬਿਮਾਰ ਹਨ ਅਤੇ ਆਖਰੀ ਸਾਹ ਨੂੰ ਆਪਣੀ ਛਾਤੀ ਨਾਲ ਲਾਉਣ ਲਈ ਤਰਸ ਰਹੀ ਹੈ, ਇਸ ਤੋਂ ਇਲਾਵਾ 328 ਸਰੂਪਾਂ ਦੇ ਸਬੰਧ ਵਿਚ ਜਿਨ੍ਹਾਂ ਤੇ ਪਰਚੇ ਦਰਜ ਕੀਤੇ ਗਏ ਹਨ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਗ੍ਰਿਫਤਾਰ ਕੀਤਾ ਜਾਵੇ ਤੋਂ ਇਲਾਵਾ ਹੋਰ ਵੀ ਸਿੱਖ ਪੰਥ ਦੀਆਂ ਧਾਰਮਿਕ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ।



ਆਵਾਜ਼ਿ ਕੌਮ AWAZE QAUM International Newspaper & WEB TV

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਦਾਰ ਪਰਮਜੀਤ ਸਿੰਘ ਚੰਡੋਕ ਗੁੜਗਾਂਉ ਦੇ ਪੋਤਰੇ ਸਰਦਾਰ ਨਵਨੀਤ ਸਿੰਘ ਚੰਡੋਕ ਦੇ ਸਪੁੱਤਰ ਦੇ ਸ਼ੁਭ ਵਿਵਾਹ ਸਮੇਂ ਸੁਭਾਗੀ ਜੋੜੀ ਕਾਕਾ ਅਸ਼ਨੀਤ ਸਿੰਘ ਅਤੇ ਬੱਚੀ ਰਾਜੀ ਕੌਰ ਨੂੰ

# ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਆਸ਼ੀਰਵਾਦ ਦੇਣ ਪਹੁੰਚੇ









ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਦਾਰ ਪਰਮਜੀਤ ਸਿੰਘ ਚੰਡੋਕ ਗੁੜਗਾਂਉ ਦੇ ਪੋਤਰੇ ਸਰਦਾਰ ਨਵਨੀਤ ਸਿੰਘ ਚੰਡੋਕ ਦੇ ਸਪੁੱਤਰ ਦੇ ਸ਼ੁਭ ਵਿਵਾਹ ਸਮੇਂ ਸੁਭਾਗੀ ਜੋੜੀ ਕਾਕਾ ਅਸ਼ਨੀਤ ਸਿੰਘ ਅਤੇ ਬੱਚੀ ਰਾਜੀ ਕੌਰ ਨੂੰ ਅੱਜ ਅਸ਼ੀਰਵਾਦ ਦਿੰਦੇ ਹੋਏ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ,ਇਸ ਸਮੇਂ ਸਰਦਾਰ ਪ੍ਰਭਜੋਤ ਸਿੰਘ ਚੰਡੋਕ ਅਤੇ ਸਰਦਾਰ ਗੁਰਪ੍ਰਸਾਦਿ ਸਿੰਘ ਫਰੀਦਾਬਾਦ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

+447458381111 +447976210161 +919729091243